21-SEP-PAGE-1.qxd 9/20/2023 10:28 PM Page 1

ਵੀਰਵਾਰ, 21 ਸਤੰਬਰ, 2023
5 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 111

ਨਵਾਂ ਜ਼ਮਾਨਾ

DAILY NAWAN ZAMANA • THURSDAY, 21 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਮਹਿਲਾ ਬਿੱਲ : ਓ ਬੀ ਸੀ ਕੋਟੇ 'ਤੇ ਜ਼ੋਰ

ਬਿੱਲ ਤੁਰੰਤ ਪਾਸ ਕੀਤਾ ਜਾਵੇ : ਸੋਨੀਆ ਗਾਂਧੀ

ਨਵੀਂ ਦਿੱਲੀ : ਲੋਕ ਸਭਾ 'ਚ ਮਹਿਲਾ ਰਾਖਵਾਂਕਰਨ ਬਿੱਲ 'ਤੇ ਬਹਿਸ ਹੋਈ। ਸਭ ਤੋਂ ਪਹਿਲਾਂ ਕਾਨੂੰਨ ਮੰਤਰੀ ਅਰਜੁਨਰਾਮ ਮੇਘਵਾਲ ਨੇ ਸਦਨ ਨੂੰ ਬਿੱਲ ਬਾਰੇ ਦੱਸਿਆ। ਉਸ ਤੋਂ ਬਾਅਦ ਕਾਂਗਰਸ ਵੱਲੋਂ ਸੋਨੀਆ ਗਾਂਧੀ ਨੇ ਆਪਣੀ ਗੱਲ ਰੱਖੀ। ਕਾਂਗਰਸ ਦੀ ਨੇਤਾ ਸੋਨੀਆ ਗਾਂਧੀ ਨੇ ਬੁੱਧਵਾਰ ਨੂੰ ਮਹਿਲਾ ਰਾਖਵਾਂਕਰਨ ਬਿੱਲ 'ਤੇ ਬਹਿਸ ਸ਼ੁਰੂ ਕੀਤੀ। ਉਨ੍ਹਾ ਕਿਹਾ ਕਿ ਅਸੀਂ ਮਹਿਲਾ ਰਾਖਵਾਂਕਰਨ ਦਾ ਸਮਰਥਨ ਕਰਦੇ ਹਾਂ, ਪਰ ਇਸ 'ਚ ਓ ਬੀ ਸੀ, ਦਲਿਤ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਔਰਤਾਂ ਦੇ ਪ੍ਰਤੀਨਿਧਤਵ ਦਾ ਵੀ ਧਿਆਨ ਰੱਖਣਾ ਚਾਹੀਦਾ। ਉਨ੍ਹਾ ਕਿਹਾ ਕਿ ਪੱਛੜੇ ਵਰਗ ਦੀਆਂ ਔਰਤਾਂ ਦੇ ਰਾਖਵਾਂਕਰਨ ਦੀ ਵੀ ਗੱਲ ਹੋਣੀ ਚਾਹੀਦੀ। ਇਸ ਦੌਰਾਨ ਉਨ੍ਹਾ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਯਾਦ ਕਰਦੇ ਹੋਏ ਕਿਹਾ, 'ਮੇਰੇ ਜੀਵਨ ਸਾਥੀ ਰਾਜੀਵ ਗਾਂਧੀ ਆਪਣੇ ਦੌਰ 'ਚ ਇਹ ਕਾਨੂੰਨ ਲਿਆਏ ਸਨ, ਜਿਸ ਦੇ ਤਹਿਤ ਔਰਤਾਂ ਨੂੰ ਪੰਚਾਇਤਾਂ 'ਚ ਰਾਖਵਾਂਕਰਨ ਮਿਲਿਆ ਅਤੇ ਉਸ ਤੋਂ ਬਾਅਦ ਮਹਿਲਾਵਾਂ ਰਾਖਵਾਂਕਰਨ ਲਈ ਭੂਮਿਕਾ ਤਿਆਰ ਹੋਈ।'

ਉਨ੍ਹਾ ਕਿਹਾ ਕਿ ਔਰਤਾਂ ਦਾ ਜੇ ਸਨਮਾਨ ਕਰਨਾ ਹੈ ਤਾਂ ਉਨ੍ਹਾ ਦੇ ਯੋਗਦਾਨ ਨੂੰ ਨਮਨ ਕਰਨਾ ਹੈ ਤਾਂ ਇਹੀ ਇੱਕ ਤਰੀਕਾ ਹੈ। ਉਨ੍ਹਾ ਕਿਹਾ ਕਿ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਔਰਤਾਂ ਦਾ ਦੇਸ਼ ਲਈ ਵੱਡਾ ਯੋਗਦਾਨ ਰਿਹਾ ਹੈ। ਇਸ ਦੌਰਾਨ ਸੋਨੀਆ ਗਾਂਧੀ ਨੇ ਸਰੋਜਨੀ ਨਾਇਡੂ, ਵਿਜੈਲਕਸ਼ਮੀ, ਇੰਦਰਾ ਗਾਂਧੀ ਵਰਗੀਆਂ ਔਰਤਾਂ ਦੇ ਯੋਗਦਾਨ ਨੂੰ ਯਾਦ ਕੀਤਾ। ਇਹੀ ਨਹੀਂ ਸੋਨੀਆ ਗਾਂਧੀ ਨੇ ਕਿਹਾ ਕਿ ਮਹਿਲਾ ਰਾਖਵਾਂਕਰਨ ਦੀ ਪਹਿਲ ਤਾਂ ਕਾਂਗਰਸ ਨੇ ਕੀਤੀ ਸੀ ਅਤੇ ਹਮੇਸ਼ਾ ਔਰਤਾਂ ਨੂੰ ਪਾਰਟੀ 'ਚ ਅੱਗੇ ਰੱਖਿਆ।

ਇਹ ਹੀ ਨਹੀਂ, ਸੋਨੀਆ ਗਾਂਧੀ ਨੇ ਇਸ ਬਿੱਲ ਨੂੰ ਲਿਆਉਣ 'ਚ ਦੇਰੀ ਦਾ ਵੀ ਸਵਾਲ ਕੀਤਾ। ਉਨ੍ਹਾ ਕਿਹਾ, ਕਾਂਗਰਸ ਪਾਰਟੀ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕਰਦੀ ਹੈ। ਸਾਨੂੰ ਖੁਸ਼ੀ ਹੋਵੇਗੀ, ਜੇ ਬਿੱਲ ਪਾਸ ਹੋ ਜਾਵੇ, ਪਰ ਅਸੀਂ ਇਹ ਪੁੱਛਣਾ ਚਾਹੁੰਦੇ ਹਾਂ ਕਿ 13 ਸਾਲ ਤੱਕ ਮਹਿਲਾਵਾਂ ਨੂੰ ਇਸ ਲਈ ਇੰਤਜ਼ਾਰ ਕਿਉਂ ਕਰਾਇਆ। ਹੁਣ ਉਨ੍ਹਾ ਨੂੰ ਕੁਝ ਹੋਰ ਸਾਲਾਂ ਲਈ ਇੰਤਜ਼ਾਰ ਕਰਨ ਲਈ ਕਿਹਾ ਜਾ ਰਿਹਾ ਹੈ।

ਆਖਿਰ ਕਿੰਨੇ ਸਾਲ ਹੋਰ ਇੰਤਜ਼ਾਰ ਕਰਨਾ ਪਵੇਗਾ। ਇਹ ਸਰਕਾਰ ਨੂੰ ਦੱਸਣਾ ਚਾਹੀਦਾ।

ਸਮਾਜਵਾਦੀ ਪਾਰਟੀ ਵੱਲੋਂ ਸਾਂਸਦ ਡਿੰਪਲ ਯਾਦਵ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਮਹਿਲਾ ਰਾਖਵਾਂਕਰਨ ਦਾ ਸਮਰਥਨ ਕਰਦੀ ਹੈ, ਪਰ ਇਸ 'ਚ ਸਾਰੇ ਵਰਗਾਂ ਦੀਆਂ ਔਰਤਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ। ਉਨ੍ਹਾ ਕਿਹਾ ਕਿ ਮਹਿਲਾ ਰਾਖਵਾਂਕਰਨ ਬਿੱਲ 'ਚ ਐੱਸ ਸੀ, ਐੱਸ ਟੀ, ਓ ਬੀ ਸੀ ਅਤੇ ਘੱਟ ਗਿਣਤੀ ਔਰਤਾਂ ਲਈ ਵੀ ਰਾਖਵਾਂਕਰਨ ਹੋਣਾ ਚਾਹੀਦਾ। ਉਨ੍ਹਾ ਇਸ ਦੌਰਾਨ ਦੀ ਨਿਅਤ 'ਤੇ ਸਵਾਲ ਉਠਾਏ ਤੇ ਕਿਹਾ ਕਿ ਸਰਕਾਰ ਨੂੰ ਇਹ 9 ਸਾਲ ਬਾਅਦ ਕਿਉਂ ਯਾਦ ਆਇਆ ਹੈ। ਕੀ ਸਰਕਾਰ ਜਾਤੀ ਜਨਗਣਨਾ ਕਰਾਏਗੀ।

ਡਿੰਪਲ ਯਾਦਵ ਨੇ ਇਸ ਦੌਰਾਨ ਭਾਜਪਾ ਸਾਂਸਦ ਨਿਸ਼ਿਕਾਂਤ ਦੂਬੇ ਤੋਂ ਸਵਾਲ ਕੀਤਾ ਕਿ ਔਰਤਾਂ ਦੀ ਸਥਿਤੀ ਬਾਰੇ ਤੁਸੀਂ ਗੱਲ ਕਰਦੇ ਹੋ ਤਾਂ ਫਿਰ ਸਰਕਾਰ ਪੱਛੜੇ ਸਮਾਜ ਦੀਆਂ ਔਰਤਾਂ ਦਾ ਦਰਦ ਕਿਉਂ ਨਹੀਂ ਸਮਝਦੀ। ਇਸ ਬਿੱਲ 'ਚ ਪੱਛੜੇ ਵਰਗ ਦੀਆਂ ਔਰਤਾਂ ਨੂੰ ਵੀ ਰਾਖਵਾਂਕਰਨ ਦਿੱਤਾ ਜਾਣਾ ਚਾਹੀਦਾ।

ਭਾਜਪਾ 'ਤੇ ਹਮਲਾ ਬੋਲਦੇ ਹੋਏ ਐੱਨ ਸੀ ਪੀ ਸਾਂਸਦ ਅਤੇ ਸ਼ਰਦ ਪਵਾਰ ਦੀ ਬੇਟੀ ਸੁਪ੍ਰੀਆ ਸੂਲੇ ਨੇ ਕਿਹਾ, ਇਹ ਭਾਜਪਾ ਹੀ ਹੈ ਜਿਸ ਦੇ ਮਹਾਰਾਸ਼ਟਰ ਭਾਜਪਾ ਪ੍ਰਧਾਨ ਨੇ ਮੈਨੂੰ ਕਿਹਾ ਸੀ ਕਿ ਘਰ ਜਾਓ ਤੇ ਖਾਣਾ ਬਣਾਓ। ਸੁਪ੍ਰੀਆ ਸੂਲੇ ਨੇ ਇਹ ਬਿਆਨ ਭਾਜਪਾ ਸਾਂਸਦ ਨਿਸ਼ਿਕਾਂਤ ਦੂਬੇ ਦੇ ਉਸ ਬਿਆਨ ਦੇ ਜਵਾਬ ਦੇ ਜਵਾਬ 'ਚ ਦਿੱਤਾ, ਜਿਸ 'ਚ ਦੂਬੇ ਨੇ ਸੰਸਦ 'ਚ ਬਿੱਲ 'ਤੇ ਚਰਚਾ ਦੌਰਾਨ ਕਿਹਾ ਸੀ ਕਿ ਇੰਡੀਆ ਉਨ੍ਹਾ ਲੋਕਾਂ ਦੇ ਪੱਖ 'ਚ ਹੈ, ਜੋ ਮਹਿਲਾਵਾਂ ਨੂੰ ਛੋਟਾ ਦਿਖਾਉਂਦੇ ਸਨ ਅਤੇ ਅਪਮਾਨਜਨਕ ਗੱਲਾਂ ਕਰਦੇ ਸਨ। ਸੁਪ੍ਰੀਆ ਨੇ ਕਿਹਾ, ਸਰਕਾਰ ਵੱਡਾ ਦਿਲ ਕਰਕੇ ਬਿੱਲ 'ਚ ਐੱਸ ਸੀ, ਐੱਸ ਟੀ ਅਤੇ ਓ ਬੀ ਸੀ ਔਰਤਾਂ ਲਈ ਰਾਖਵਾਂਕਰਨ ਕਰਨ ਦੀ ਵਿਵਸਥਾ ਕਰੇ।

ਭਾਜਪਾ ਦੀ ਸਹਿਯੋਗੀ ਅਪਨਾ ਦਲ ਦੀ ਨੇਤਾ ਅਨੁਪ੍ਰੀਆ ਪਟੇਲ ਨੇ ਵੀ ਮਹਿਲਾ ਰਾਖਵਾਂਕਰਨ ਬਿੱਲ 'ਚ ਓ ਬੀ ਸੀ ਲਈ ਕੋਟੇ ਦੀ ਮੰਗ ਕੀਤੀ। ਅਨੁਪ੍ਰੀਆ ਨੇ ਕਿਹਾ, ਇਸ ਬਿੱਲ ਦਾ ਇਤਿਹਾਸ 27 ਸਾਲ ਪੁਰਾਣਾ ਹੈ। ਉਨ੍ਹਾ ਕਿਹਾ ਕਿ ਮੈਂ ਆਪੋਜ਼ੀਸ਼ਨ ਦੇ ਕਈ ਨੇਤਾਵਾਂ ਨੂੰ ਸੁਣਿਆ, ਜਿਨ੍ਹਾ ਨੇ ਪੱਛੜੇ ਵਰਗ ਦੀਆਂ ਔਰਤਾਂ ਲਈ ਕੋਟੇ 'ਚ ਕੋਟਾ ਦੇਣ ਦੀ ਗੱਲ ਕਹੀ ਹੈ। ਮੈਂ ਵੀ ਇਸ ਮੰਗ ਨੂੰ ਸਹੀ ਮੰਨਦੀ ਹਾਂ ਅਤੇ ਇਸ 'ਚ ਕੁਝ ਵੀ ਗਲਤ ਨਹੀਂ ਹੈ।

ਟੀ ਐੱਮ ਸੀ ਸਾਂਸਦ ਕਾਕੋਲੀ ਘੋਸ਼ ਨੇ ਕਿਹਾ, ਦੇਸ਼ 'ਚ ਸਿਰਫ਼ ਪੱਛਮ ਬੰਗਾਲ 'ਚ ਮਹਿਲਾ ਮੁੱਖ ਮੰਤਰੀ ਹੈ, ਭਾਜਪਾ ਦੇ 16 ਸੂਬਿਆਂ 'ਚ ਸਰਕਾਰ ਹੈ, ਪਰ ਇੱਕ ਵੀ ਸੂਬੇ 'ਚ ਮਹਿਲਾ ਮੁੱਖ ਮੰਤਰੀ ਨਹੀਂ ਹੈ। ਦੇਸ਼ ਲਈ ਤਮਗਾ ਜਿੱਤਣ ਵਾਲੀਆਂ ਔਰਤਾਂ ਦਾ ਜਿਣਸੀ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਡੀ ਐੱਮ ਕੇ ਦੀ ਮੈਂਬਰ ਕਨੀਮੋਝੀ ਨੇ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕੀਤਾ। ਨਾਲ ਹੀ ਕਿਹਾ ਕਿ ਇਹ ਮੰਦਭਾਗਾ ਹੈ ਕਿ ਭਾਜਪਾ ਨੇ ਇਸ ਨੂੰ ਵੀ ਰਾਜਨੀਤਕ ਰੰਗ ਦੇਣ ਦੀ ਕੋਸ਼ਸ਼ ਕੀਤੀ। 2024 ਦੀਆਂ ਚੋਣਾਂ ਨੂੰ ਧਿਆਨ 'ਚ ਰੱਖ ਕੇ ਇਹ ਬਿੱਲ ਲਿਆਂਦਾ ਗਿਆ। ਕਨੀਮੋਝੀ ਨੇ ਕਿਹਾ ਕਿ ਸਰਕਾਰ ਨੇ ਇਸ ਕਾਨੂੰਨ ਨੂੰ 'ਨਾਰੀ ਸ਼ਕਤੀ ਵੰਦਨ ਐਕਟ' ਕਿਹਾ ਹੈ, ਪਰ ਮਹਿਲਾਵਾਂ ਨੂੰ ਵੰਦਨ, ਪੂਜਾ ਦੀ ਜ਼ਰੂਰਤ ਨਹੀਂ, ਉਨ੍ਹਾਂ ਨੂੰ ਸਨਮਾਨ ਅਤੇ ਸਮਾਨਤਾ ਦੀ ਜ਼ਰੂਰਤ ਹੈ। ਉਨ੍ਹਾ ਕਿਹਾ ਕਿ ਇਸ ਦੇਸ਼ ਅਤੇ ਇਸ ਸੰਸਦ 'ਚ ਮਹਿਲਾਵਾਂ ਦਾ ਅਧਿਕਾਰ ਓਨਾ ਹੀ ਹੈ, ਜਿੰਨਾ ਮਰਦਾਂ ਦਾ ਹੈ।

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਓ ਬੀ ਸੀ ਰਾਖਵਾਂਕਰਨ ਤੋਂ ਬਿਨਾਂ ਮਹਿਲਾ ਰਾਖਵਾਂਕਰਨ ਬਿੱਲ ਅਧੂਰਾ ਹੈ। ਉਨ੍ਹਾ ਆਪਣੇ ਭਾਸ਼ਣ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਕੱਲ੍ਹ ਮੈਂ ਚਰਚਾ ਸੁਣ ਰਿਹਾ ਸੀ ਅਤੇ ਸੋਂਗੋਲ ਦੀ ਚਰਚਾ ਹੋ ਰਹੀ ਸੀ। ਮੈਂ ਬਿੱਲ ਦਾ ਸਮਰਥਨ ਕਰਦਾ ਹਾਂ। ਸਾਰੇ ਇਸ ਗੱਲ ਨੂੰ ਮੰਨਦੇ ਹਨ ਕਿ ਮਹਿਲਾਵਾਂ ਨੂੰ ਹੋਰ ਜਗ੍ਹਾ ਮਿਲਣੀ ਚਾਹੀਦੀ ਹੈ, ਪਰ ਇਹ ਬਿੱਲ ਪੂਰਾ ਨਹੀਂ ਹੈ। ਓ ਬੀ ਸੀ ਰਾਖਵਾਂਕਰਨ ਹੋਣਾ ਚਾਹੀਦਾ ਸੀ। ਰਾਹੁਲ ਗਾਂਧੀ ਨੇ ਕਿਹਾ ਕਿ ਇਹ ਅਜੀਬ ਗੱਲ ਹੈ ਕਿ ਤੁਸੀਂ ਨਵੀਂ ਸੰਸਦ ਦਾ ਇੰਤਜ਼ਾਰ ਕਰੋਗੇ। ਰਾਹੁਲ ਨੇ ਦਾਅਵਾ ਕੀਤਾ ਕਿ ਭਾਰਤ ਸਰਕਾਰ 'ਚ 90 ਸੈਕਟਰੀ ਹਨ, ਜਿਨ੍ਹਾਂ 'ਚੋਂ ਕੇਵਲ ਤਿੰਨ ਓ ਬੀ ਸੀ ਭਾਈਚਾਰੇ ਤੋਂ ਆਉਂਦੇ ਹਨ ਅਤੇ ਸਿਰਫ਼ ਪੰਜ ਫੀਸਦੀ ਬਜਟ ਨੂੰ ਕੰਟਰੋਲ ਕਰਦੇ ਹਨ।

ਭਾਰਤ ਸਰਕਾਰ ਦੇ 90 ਸੈਕਟਰੀਆਂ 'ਚੋਂ ਕੇਵਲ ਤਿੰਨ ਪੱਛੜਾ ਵਰਗ (ਓ ਬੀ ਸੀ) ਤੋਂ ਹਨ। ਰਾਹੁਲ ਨੇ ਕਿਹਾ ਕਿ ਮੈਂ ਜਾਣ ਕੇ ਹੈਰਾਨ ਹਾਂ ਕਿ 90 'ਚੋਂ ਸਿਰਫ਼ ਤਿੰਨ ਓ ਬੀ ਸੀ ਸੈਕਟਰੀ ਹਨ, ਇਸ ਨੂੰ ਜਲਦ ਤੋਂ ਜਲਦ ਬਦਲਣਾ ਚਾਹੀਦਾ ਹੈ। ਰਾਹੁਲ ਨੇ ਕਿਹਾ—ਤੁਸੀਂ ਹੁਣੇ ਅੱਜ ਹੀ ਇੱਕ ਤਿਹਾਈ ਰਾਖਵਾਂਕਰਨ ਦੇ ਸਕਦੇ ਹੋ। ਤੁਸੀਂ ਇਸ ਨੂੰ ਕਿਤੇ ਨਾ ਕਿਤੇ ਟਾਲਣਾ ਚਾਹੁੰਦੇ ਹੋ। ਉਹਨਾ ਕਿਹਾ ਕਿ ਬਿੱਲ ਨੂੰ ਤਤਕਾਲ ਲਾਗੂ ਕੀਤਾ ਜਾਦਾ ਚਾਹੀਦਾ ਹੈ, ਕਿਉਂਕਿ ਇਸ ਲਈ ਜਨਗਣਨਾ ਤੇ ਹੋਰ ਸ਼ਰਤਾਂ ਜ਼ਰੂਰੀ ਨਹੀਂ ਹਨ। ਉਨ੍ਹਾ ਕਿਹਾ ਕਿ ਮੇਰੇ ਵਿਚਾਰ ਨਾਲ ਇਸ ਬਿੱਲ ਨੂੰ ਅੱਜ ਹੀ ਲਾਗੂ ਕੀਤਾ ਜਾ ਸਕਦਾ ਹੈ, ਪਰ ਇਸ ਨੂੰ ਅੱਗੇ ਵਧਣ ਦੇ ਮਕਸਦ ਲਈ ਤਿਆਰ ਨਹੀਂ ਕੀਤਾ ਗਿਆ। ਉਹਨਾ ਕਿਹਾ ਕਿ ਆਪੋਜ਼ੀਸ਼ਨ ਜਦ ਵੀ ਜਾਤੀ ਅਧਾਰਤ ਜਨਗਣਨਾ ਦੀ ਗੱਲ ਕਰਦੀ ਹੈ, ਭਾਜਪਾ ਦੂਜੀ ਦਿਸ਼ਾ 'ਚ ਗੱਲ ਕਰਨ ਦੀ ਕੋਸ਼ਿਸ਼ ਕਰਦੀ ਹੈ।

ਉਨ੍ਹਾ ਕਿਹਾ ਕਿ ਸੰਸਦ ਦੀ ਨਵੀਂ ਬਿਲਡਿੰਗ ਚੰਗੀ ਹੈ, ਪਰ ਇਸ ਦੇ ਪ੍ਰੋਗਰਾਮ 'ਚ ਦੇਸ਼ ਦੀ ਮਹਿਲਾ ਰਾਸ਼ਟਰਪਤੀ ਨੂੰ ਵੀ ਹੋਣਾ ਚਾਹੀਦਾ ਸੀ। ਉਨ੍ਹਾ ਕਿਹਾ ਜਾਤੀ ਜਨਗਣਨਾ ਪੂਰੀ ਹੋਣ ਤੋਂ ਪਹਿਲਾਂ ਹੀ ਇਸ ਬਿੱਲ ਨੂੰ ਜਲਦ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਵਿਦੇਸ਼ ਮੰਤਰਾਲੇ ਨੇ ਜਾਰੀ ਕੀਤੀ ਐਡਵਾਇਜ਼ਰੀ, 'ਯਾਤਰਾ ਕਰਨ ਤੋਂ ਬਚੋ'

ਜੀ-7 ਗਰੁੱਪ ਦੇ ਸਾਂਝੇ ਬਿਆਨ 'ਚ ਕੈਨੇਡਾ ਦੇ ਦੋਸ਼ ਦਾ ਜ਼ਿਕਰ ਨਹੀਂ

ਨਵੀਂ ਦਿੱਲੀ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਤੋਂ ਬਾਅਦ ਕੈਨੇਡਾ 'ਚ ਰਹਿ ਰਹੇ ਭਾਰਤੀਆਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਇਸੇ ਦੌਰਾਨ ਬੁੱਧਵਾਰ ਵਿਦੇਸ਼ ਮੰਤਰਾਲੇ ਨੇ ਭਾਰਤੀ ਨਾਗਰਿਕਾਂ ਅਤੇ ਵਿਦਿਆਰਥੀਆਂ ਲਈ ਐਡਵਾਈਜ਼ਰੀ ਜਾਰੀ ਕੀਤੀ। ਇਸ 'ਚ ਕਿਹਾ ਗਿਆ ਹੈ ਕਿ ਭਾਰਤੀ ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੈਨੇਡਾ 'ਚ ਉਨ੍ਹਾਂ ਇਲਾਕਿਆਂ ਤੇ ਸੰਭਾਵੀ ਥਾਵਾਂ ਦੀ ਯਾਤਰਾ ਕਰਨ ਤੋਂ ਬਚਣ, ਜਿੱਥੇ ਹਾਲ ਹੀ 'ਚ ਭਾਰਤੀਆਂ ਵਿਰੁੱਧ ਹਿੰਸਕ ਘਟਨਾਵਾਂ ਸਾਹਮਣੇ ਆਈਆਂ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕੈਨੇਡਾ 'ਚ ਵਿਗੜਦੇ ਸੁਰੱਖਿਆ ਮਾਹੌਲ ਨੂੰ ਦੇਖਦੇ ਹੋਏ, ਵਿਸ਼ੇਸ਼ ਰੂਪ ਨਾਲ ਭਾਰਤੀ ਵਿਦਿਆਰਥੀਆਂ ਨੂੰ ਜ਼ਿਆਦਾ ਸਾਵਧਾਨੀ ਵਰਤਣ ਅਤੇ ਚੌਕਸ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ 'ਚ ਕਿਹਾ ਗਿਆ ਕਿ ਕੈਨੇਡਾ 'ਚ ਭਾਰਤੀ ਨਾਗਰਿਕ ਅਤੇ ਵਿਦਿਆਰਥੀਆਂ ਨੂੰ ਓਟਾਵਾ 'ਚ ਭਾਰਤੀ ਹਾਈ ਕਮਿਸ਼ਨ ਜਾਂ ਟੋਰਾਂਟੋ ਅਤੇ ਵੈਨਕੂਵਰ 'ਚ ਭਾਰਤੀ ਦੂਤਾਵਾਸ ਦੇ ਨਾਲ ਸੰਬੰਧਤ ਵੈਬਸਾਇਟ ਰਾਹੀਂ ਰਜਿਸਟਰ ਕਰਾਉਣਾ ਹੋਵੇਗਾ। ਇਸ ਨਾਲ ਦੂਤਾਵਾਸ ਕਿਸੇ ਵੀ ਐਮਰਜੈਂਸੀ ਸਥਿਤੀ 'ਚ ਕੈਨੇਡਾ 'ਚ ਭਾਰਤੀ ਨਾਗਰਿਕਾਂ ਨਾਲ ਬਿਹਤਰ ਤਰੀਕੇ ਨਾਲ ਜੁੜਨ 'ਚ ਸਮਰੱਥ ਹੋਵੇਗਾ।



ਕੈਨੇਡਾ 'ਚ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਬਾਰੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਗਏ ਦੋਸ਼ 'ਤੇ ਅਮਰੀਕਾ, ਇੰਗਲੈਂਡ ਤੇ ਆਸਟਰੇਲੀਆ ਵਰਗੇ ਕੁਝ 'ਫਾਈਵ ਆਈਜ਼' ਦੇਸ਼ਾਂ ਵੱਲੋਂ ਚਿੰਤਾ ਪ੍ਰਗਟਾਉਣ ਦੇ ਬਾਵਜੂਦ ਸੰਯੁਕਤ ਰਾਸ਼ਟਰ ਵਿਖੇ ਜੀ-7 ਗਰੁੱਪ ਵੱਲੋਂ ਜਾਰੀ ਸਾਂਝੇ ਬਿਆਨ ਵਿਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ।

ਅਮਰੀਕੀ ਮੀਡੀਆ ਨੇ ਇਸ ਤੋਂ ਪਹਿਲਾਂ ਖਬਰ ਦਿੱਤੀ ਸੀ ਕਿ ਜੀ-7 ਦੇਸ਼ਾਂ ਨੇ ਟਰੂਡੋ ਦੀ ਇਹ ਮੰਗ ਰੱਦ ਕਰ ਦਿੱਤੀ ਸੀ ਕਿ ਉਹ ਨਿੱਝਰ ਦਾ ਮਾਮਲਾ ਭਾਰਤ ਸਰਕਾਰ ਨਾਲ ਉੱਚ ਪੱਧਰ 'ਤੇ ਉਠਾਉਣ ਤੇ ਕੌਮਾਂਤਰੀ ਨੇਮਾਂ ਦੀ ਉਲੰਘਣਾ ਦੀ ਨਿੰਦਾ ਕਰਦਾ ਸਾਂਝਾ

● ਬਾਕੀ ਸਫ਼ਾ 2 'ਤੇ

ਪਹਿਲਾ ਸੀ-295 ਏਅਰ ਕਰਾਫਟ ਵਡੋਦਰਾ ਪਹੁੰਚਿਆ

ਨਵੀਂ ਦਿੱਲੀ : ਭਾਰਤੀ ਹਵਾਈ ਫੌਜ ਦਾ ਪਹਿਲਾ ਸੀ-295 ਟਰਾਂਸਪੋਰਟ ਏਅਰ ਕਰਾਫਟ ਗੁਜਰਾਤ 'ਚ ਵਡੋਦਰਾ ਦੇ ਹਵਾਈ ਫੌਜ ਸਟੇਸ਼ਨ 'ਤੇ ਉਤਰਿਆ। ਭਾਰਤੀ ਹਵਾਈ ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਏਅਰ ਕਰਾਫਟ ਨੂੰ ਗਰੁੱਪ ਕੈਪਟਨ ਪੀ ਐੱਸ ਨੇਗੀ ਉਡਾ ਕੇ ਲੈ ਕੇ ਆਏ। ਉਨ੍ਹਾ ਦੱਸਿਆ ਕਿ ਏਅਰ ਕਰਾਫਟ ਨੇ ਬਹਿਰੀਨ ਤੋਂ ਉਡਾਨ ਭਰੀ ਸੀ। ਇਹ ਮਾਲਟਾ ਅਤੇ ਮਿਸਰ 'ਚ ਰੁਕਦੇ ਹੋਏ ਭਾਰਤ ਪਹੁੰਚਿਆ। ਮੀਡੀਆ ਰਿਪੋਰਟਾਂ ਮੁਤਾਬਕ ਰੱਖਿਆ ਮੰਤਰੀ ਰਾਜਨਾਥ ਸਿੰਘ 25 ਸਤੰਬਰ ਨੂੰ ਦਿੱਲੀ ਦੇ ਕੋਲ ਹਿੰਡਨ ਏਅਰਬੇਸ 'ਤੇ ਇੱਕ ਪ੍ਰੋਗਰਾਮ 'ਚ ਇਸ ਜਹਾਜ਼ ਨੂੰ ਭਾਰਤੀ ਹਵਾਈ ਫੌਜ 'ਚ ਸ਼ਾਮਲ ਕਰਨਗੇ। 13 ਸਤੰਬਰ ਨੂੰ ਯੂਰਪੀਅਨ ਕੰਪਨੀ ਏਅਰਬਸ ਡਿਫੈਂਸ ਐਂਡ ਸਪੇਸ ਨੇ ਭਾਰਤ ਦਾ ਪਹਿਲਾ ਸੀ-295 ਟੈਕਟੀਕਲ ਮਿਲਟਰੀ ਏਅਰ ਲਿਫਟ ਜਹਾਜ਼ ਸੌਂਪਿਆ ਸੀ। ਏਅਰ ਚੀਫ਼ ਮਾਰਸ਼ਲ ਵੀ ਆਰ ਚੌਧਰੀ ਨੇ ਸਪੇਨ ਦੇ ਸੇਵਿਲੇ ਸ਼ਹਿਰ 'ਚ ਇਸ ਜਹਾਜ਼ ਨੂੰ ਰਸੀਵ ਕੀਤਾ ਸੀ।

ਚੰਡੀਗੜ੍ਹ ਏਅਰਪੋਰਟ 'ਤੇ 83 ਲੱਖ ਦਾ ਸੋਨਾ ਫੜਿਆ

ਚੰਡੀਗੜ੍ਹ : ਚੰਡੀਗੜ੍ਹ ਏਅਰਪੋਰਟ 'ਤੇ ਕਸਟਮ ਵਿਭਾਗ ਨੇ ਸੋਨੇ ਦੇ 12 ਬਿਸਕੁਟ ਫੜੇ ਹਨ। ਇਹ ਸੋਨਾ ਦੁਬਈ ਤੋਂ ਇੰਡੀਗੋ ਦੀ ਫਲਾਇਟ 'ਚ ਗੈਰ ਕਾਨੂੰਨੀ ਰੂਪ ਨਾਲ ਲਿਆਂਦਾ ਜਾ ਰਿਹਾ ਸੀ। ਪ

21-SEP-PAGE-1.qxd 9/20/2023 10:29 PM Page 2

ਮਾਮਲਾ ਗੱਲਾ ਮਜ਼ਦੂਰ ਯੂਨੀਅਨ ਦੀਆਂ ਲਟਕਦੀਆਂ ਮੰਗਾਂ ਦਾ

ਮਾਰਕਿਟ ਕਮੇਟੀ ਦਫ਼ਤਰ ਅੱਗੇ ਕੀਤਾ ਰੋਸ ਪ੍ਰਦਰਸ਼ਨ

ਬਾਘਾ ਪੁਰਾਣਾ, (ਮਨੀ ਸਿੰਗਲਾ) ਅਨਾਜ ਮੰਡੀ ਗੱਲਾ ਮਜ਼ਦੂਰ ਯੂਨੀਅਨ ਵੱਲੋਂ ਆਪਣੀਆ ਮੰਗਾਂ ਨੂੰ ਲੈ ਕੇ ਮਾਰਕਿਟ ਕਮੇਟੀ ਦੇ ਦਫਤਰ ਅੱਗੇ ਧਰਨਾ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦੇ ਹੋਏ ਪ੍ਰਿਥੀ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਸਾਡੀ 25 ਫੀਸਦੀ ਮਜਦੂਰੀ ਵਿਚ ਵਾਧੇ ਦੀ ਅਨਾਊਸਮੈਂਟ ਲਗਭਗ 1 ਸਾਲ ਪਹਿਲਾਂ ਕਰ ਦਿੱਤੀ ਸੀ, ਜੋ ਹੁਣ ਤੱਕ ਲਾਗੂ ਨਹੀਂ ਹੋਈ ਤੇ ਸਾਰੇ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਬੇਨਤੀ ਕਰਦੇ ਹਾਂ ਕਿ 25 ਪ੍ਰਤੀਸ਼ਤ ਮਜ਼ਦੂਰੀ ਵਿਚ ਜਲਦੀ ਵਾਧਾ ਕਰਕੇ ਲਾਗੂ ਕੀਤਾ ਜਾਵੇ। ਸਾਡੀ ਮਜ਼ਦੂਰੀ ਪਿਛਲੇ ਸਾਲ ਦੀ ਤਰ੍ਹਾਂ ਫਾਰਮ 'ਚੋਂ ਕੱਟ ਕੇ ਹੀ ਸਾਨੂੰ ਦਿੱਤੀ ਜਾਵੇ ਅਤੇ ਸਾਨੂੰ ਮਜ਼ਦੂਰੀ ਫਾਰਮ ਈ.ਪੀ.ਐਫ ਦਿੱਤਾ ਜਾਵੇ ਅਤੇ ਮਜ਼ਦੂਰਾਂ ਲਈ ਹਰ ਮੰਡੀ ਵਿਚ ਆਰਾਮ ਘਰ ਬਣਾ ਕੇ ਦਿੱਤਾ ਜਾਵੇ। ਲੋਡਿੰਗ ਦੀ ਲੇਬਰ ਜੋ ਪਿਛਲੇ ਕਈ ਸਾਲਾਂ ਤੋਂ ਨਹੀਂ ਵਧੀ ਉਸ ਵਿੱਚ ਵੀ ਜ਼ਰੂਰ ਵਾਧਾ ਕੀਤਾ ਜਾਵੇ, ਲੋਡਿੰਗ 50 ਕਿੱਲੋ ਅਤੇ 37/-1/2 ਦੀ ਲੇਬਰ ਘੱਟੋ ਘੱਟ 5 ਰੁਪਏ ਨਗ ਕੀਤੀ ਜਾਵੇ, ਮਹਿੰਗਾਈ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰ ਸਾਡੀਆਂ ਮੰਗਾਂ ਜ਼ਰੂਰ ਅਮਲ ਵਿੱਚ ਲਿਆਏ ਅਤੇ ਜਲਦੀ ਲਾਗੂ ਕਰੇ। ਉਨ੍ਹਾਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆ ਗਈਆਂ ਤਾਂ ਇਹ ਹੜਤਾਲ ਅਣਮਿੱਥੇ ਸਮੇਂ ਲਈ ਲਾਗੂ ਕਰ ਦਿੱਤੀ ਜਾਵੇਗੀ। ਇਸ ਮੌਕੇ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਭਗਵਾਨ ਦਾਸ, ਮੀਤ ਪ੍ਰਧਾਨ ਚਮਨ ਲਾਲ, ਸੈਕਟਰੀ ਕਮਲ ਕੁਮਾਰ, ਗੱਲਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਤਰਸੇਮ ਸਿੰਘ, ਮੀਤ ਪ੍ਰਧਾਨ ਬਲਵੀਰ ਸਿੰਘ ਗੂੰਗਾ, ਮੱਖਣ ਸਿੰਘ ਤੇ ਹੋਰ ਹਾਜ਼ਰ ਸਨ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਨੇ ਵੀ ਮਜ਼ਦੂਰ ਯੂਨੀਅਨ ਦੇ ਆਗੂਆਂ ਨੂੰ ਸੰਬੋਧਨ ਕੀਤਾ।

ਛੱਡੇ ਗਏ ਵਾਧੂ ਪਟਵਾਰ ਸਰਕਲਾਂ ਦੇ ਪਾਸਵਰਡ ਕੀਤੇ ਡੀਐਕਟੀਵੇਟ

ਮਜੀਠਾ(ਸੋਇਮ ਆਨੰਦ)-ਮਜੀਠਾ ਤਹਿਸੀਲ ਕੰਪਲੈਕਸ ਵਿਖੇ ਦੀ ਰੈਵਿਨਿਊ ਪਟਵਾਰ ਯੂਨੀਅਨ ਦੀ ਇੱਕ ਹੰਗਾਮੀ ਇਕੱਤਰਤਾ ਤਹਿਸੀਲ ਪ੍ਰਧਾਨ ਪ੍ਰਿਥੀਪਾਲ ਸਿੰਘ ਭੰਗਾਲੀ ਦੀ ਅਗਵਾਈ ਹੇਠ ਹੋਈ ਜਿਸ ਵਿਚ ਯੂਨੀਅਨ ਦੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਸਮਰਾ, ਜਸਪਾਲ ਸਿੰਘ ਸੰਧੂ, ਜਲਵਿੰਦਰ ਸਿੰਘ ਜਨਰਲ ਸਕੱਤਰ, ਗੁਰਨਾਮ ਸਿੰਘ ਖਜਾਨਚੀ, ਕਰਨਜੀਤ ਸਿੰਘ ਪ੍ਰਧਾਨ ਤਹਿਸੀਲ ਲੋਪੋਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਇਕੱਤਰਤਾ ਵਿਚ ਤਹਿਸੀਲ ਮਜੀਠਾ ਨਾਲ ਸਬੰਧਤ ਸਾਰੇ ਪਟਵਾਰੀ, ਕਾਨੂੰਗੋ ਸ਼ਾਮਲ ਹੋਏ ਜਿਸ ਵਿਚ ਮੁਲਾਜ਼ਮਾਂ ਪ੍ਰਤੀ ਪੰਜਾਬ ਸਰਕਾਰ ਵਲੋਂ ਅਪਨਾਏ ਗਏ ਰਵੱਈਏ ਤੇ ਵਿਸ਼ੇਸ਼ ਵਿਚਾਰ ਵਟਾਂਦਰਾ ਕੀਤਾ ਗਿਆ। ਤਹਿਸੀਲ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਤਹਿਸੀਲ ਦੇ ਸਮੂਹ ਪਟਵਾਰੀਆਂ ਵਲੋਂ ਛੱਡੇ ਗਏ ਵਾਧੂ ਸਰਕਲਾਂ ਦੇ ਪਾਸਵਰਡ ਡੀਐਕਟੀਵੇਟ ਕਰ ਦਿੱਤੇ ਗਏ ਹਨ ਜਿਸ ਨਾਲ ਹੁਣ ਇਹ ਪਟਵਾਰੀ ਛੱਡੇ ਗਏ ਸਰਕਲਾਂ ਦਾ ਕੰਮ ਬਿਲਕੁਲ ਨਹੀਂ ਕਰਨਗੇ। ਇਸ ਮੌਕੇ ਯੂਨੀਅਨ ਮੈਂਬਰਾਂ ਨੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਤਹਿਸੀਲ ਪ੍ਰਧਾਨ ਪ੍ਰਿਥੀਪਾਲ ਸਿੰਘ ਭੰਗਾਲੀ, ਜਨਰਲ ਸਕੱਤਰ ਸੰਜੀਵ ਕੁਮਾਰ, ਖਜਾਨਚੀ ਮਨਬੀਰ ਸਿੰਘ ਮੱਲ੍ਹੀ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਬੇਦੀ, ਜ਼ਿਲ੍ਹਾ ਨੁਮਾਇੰਦਾ ਜੋਬਨਜੀਤ ਸਿੰਘ ਭੁੱਚਰ, ਜ਼ਿਲ੍ਹਾ ਨੁਮਾਇੰਦਾ ਰਣਜੀਤ ਸਿੰਘ ਸੁਲਤਾਨ ਵਿੰਡ, ਮੇਜਰ ਸਿੰਘ ਭੋਮਾ, ਆਸ਼ੂ ਕੁਮਾਰ, ਬਲਰਾਜ ਸਿੰਘ, ਹਰਪ੍ਰੀਤ ਸਿੰਘ, ਕੰਵਲਅਵਤਾਰ ਸਿੰਘ, ਰੁਪਿੰਦਰ ਕੌਰ ਪਟਵਾਰੀ, ਕਾਨੂੰਗੋ ਨਰਿੰਦਰ ਕੁਮਾਰ, ਕੁਲਦੀਪ ਸਿੰਘ ਕਾਨੂੰਗੋ, ਅਸ਼ਵਨੀ ਕੁਮਾਰ ਕਾਨੂੰਗੋ, ਰਾਜੇਸ ਕੁਮਾਰ ਕਾਨੂੰਗੋ ਆਦਿ ਹਾਜ਼ਰ ਸਨ।

ਸ਼ਾਰਖੰਡ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਵੰਨਗੀਆਂ ਪੇਸ਼ ਕਰਕੇ ਮੋਹਿਆ ਦਰਸ਼ਕਾਂ ਦਾ ਦਿਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਕਿਹਾ ਹੈ ਕਿ ਭਾਰਤ ਦੀ ਖੂਬਸੂਰਤੀ ਅਤੇ ਮਹਾਨਤਾ ਦੇਸ਼ ਦੀ ਵੰਨ-ਸੁਵੰਨਤਾ ਵਿੱਚ ਸਮਾਈ ਹੋਈ ਹੈ, ਜਿਸ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਵੱਖ-ਵੱਖ ਸਮਾਜਾਂ ਦੇ ਸਭਿਆਚਾਰ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਲਈ ਕੀਤੇ ਜਾ ਰਹੇ ਉਪਰਾਲਿਆ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਦੀ ਦੂਰ-ਅੰਦੇਸ਼ੀ ਸਦਕਾ ਸਭਿਆਚਾਰਕ ਅਦਾਨ-ਪ੍ਰਦਾਨ ਨੂੰ ਅੱਗੇ ਵਧਾਉਣ ਦੇ ਮਕਸਦ ਨਾਲ ਹੀ ਅੱਜ ਸ਼ਾਰਖੰਡ ਦੇ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸਕ ਦਸ਼ਮੇਸ਼ ਆਡੀਟੋਰੀਅਮ ਵਿੱਚ ਆਪਣੇ ਖਿੱਤੇ ਦੇ ਸਭਿਆਚਾਰ ਅਤੇ ਸਭਿਆਚਾਰਕ ਕਲਾਤਮਿਕ ਵੰਨਗੀਆਂ ਨੂੰ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਹੈ। ਪ੍ਰੋਗਰਾਮ ਦੀ ਖਾਸੀਅਤ ਇਹ ਸੀ ਕਿ ਸ਼ਾਰਖੰਡ ਦੇ ਅਦਿਵਾਸੀ ਵਿਦਿਆਰਥੀਆਂ ਨੇ ਜਿੱਥੇ ਆਪਣੇ ਖਿੱਤੇ ਦੇ ਸੱਭਿਆਚਾਰ ਅਤੇ ਇਤਿਹਾਸ ਨੂੰ ਵੱਖ-ਵੱਖ ਸੰਗੀਤ ਅਤੇ ਨਾਚ ਦੀਆਂ ਕਲਾ ਵੰਨਗੀਆਂ ਨੂੰ ਸਫਲਤਾਪੂਰਵਕ ਪੇਸ਼ ਕਰਕੇ ਵਿਦਿਆਰਥੀਆਂ ਦਾ ਭਰਪੂਰ ਮਨੋਰੰਜਨ ਕੀਤਾ ਉੱਥੇ ਉਨ੍ਹਾਂ ਨੇ ਪੰਜਾਬ ਦੇ ਲੋਕ ਨਾਚ ਗਿੱਧਾ, ਸੰਮੀ, ਜਾਗੋ, ਲੋਕ ਗੀਤਾਂ ਅਤੇ ਹੋਰ ਪੰਜਾਬ ਦੇ ਪ੍ਰਚਲਿਤ ਗੀਤ ਗਾ ਕੇ ਦਰਸ਼ਕਾਂ ਦੇ ਦਿਲ ਜਿੱਤ ਲਏ। ਇਸ ਸਮਾਗਮ ਵਿੱਚ ਗੁਰੂ ਨਾਨਕ ਕਾਲਜ ਧਨਬਾਦ ਸ਼ਾਰਖੰਡ ਦੇ ਵਿਦਿਆਰਥੀਆਂ ਦੇ ਨਾਲ ਕਾਲਜ ਦੇ ਪ੍ਰਬੰਧਕ ਅਤੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ ਜਿਨ੍ਹਾਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਦੀ ਤਰਫੋਂ ਇੱਥੇ ਪੁਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਫਿਰ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਵੀ ਕੀਤਾ ਗਿਆ। ਵਿਦਿਆਰਥੀ ਕਲਾਕਾਰਾਂ ਦੀ ਟੀਮ ਨੂੰ ਵੀ ਟਰਾਫ਼ੀ ਦੇ ਕੇ ਸਮਨਮਾਨਿਤ ਕੀਤਾ ਗਿਆ। ਗੁਰੂ ਨਾਨਕ ਦੇਵ ਕਾਲਜ ਦੇ ਪ੍ਰਬੰਧਕ ਡਾ ਸੰਜੇ ਪ੍ਰਸਾਦ ਨੇ ਵੀ ਸੰਬੋਧਨ ਕਰਦਿਆਂ ਜਿੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਦਿੱਤੇ ਗਏ ਸਹਿਯੋਗ ਦੀ ਰੱਜ ਕੇ ਸ਼ਲਾਘਾ ਕੀਤੀ ਉੱਥੇ ਉਨ੍ਹਾਂ ਰਾਸ਼ਟਰੀ ਏਕਤਾ ਲਈ ਸਭਿਆਚਾਰਕ ਅਦਾਨ-ਪ੍ਰਦਾਨ ਲਈ ਕੀਤੇ ਜਾ ਰਹੇ ਪ੍ਰੋਗਰਾਮਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਇਸ ਸਮੇਂ ਗੁਰੂ ਨਾਨਕ ਦੇਵ ਕਾਲਜ ਧੰਨਬਾਦ ਸ਼ਾਰਖੰਡ ਵੱਲੋਂ ਕੀਤੇ ਜਾ ਕੰਮਾਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਕਲਾਕਾਰ ਵਿਦਿਆਰਥੀਆਂ ਨੇ ਵੀ ਆਪਣੀ ਵੱਖ-ਵੱਖ ਗੀਤਾਂ ਨਾਲ ਹਾਜ਼ਰੀ ਲਗਵਾਈ ।

'ਹਾਕਮੋ ਨਸ਼ਾ ਬੰਦ ਕਰੋ, ਰੁਜ਼ਗਾਰ ਦਾ ਪ੍ਰਬੰਧ ਕਰੋ' ਨਾਹਰੇ ਹੇਠ ਮਾਰਚ 28 ਨੂੰ

ਫਿਲੌਰ (ਹਰਜਿੰਦਰ ਕੌਰ ਚਾਹਲ) ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਯੂਨਿਟ ਸੰਤੋਖਪੁਰਾ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ ਬਲਦੇਵ ਸਾਹਨੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਭਾ ਦੇ ਜ਼ਿਲ੍ਹਾ ਸਕੱਤਰ ਅਜੇ ਫਿਲੌਰ ਅਤੇ ਤਹਿਸੀਲ ਸਕੱਤਰ ਮੱਖਣ ਸੰਗਰਾਮੀ ਨੇ ਕਿਹਾ ਕਿ ਪਹਿਲਾਂ ਹੀ ਬੇਰੁਜਗਾਰੀ ਦੇ ਸੇਕ ਸਹਿ ਰਹੇ ਨੌਜਵਾਨ ਵਿਦੇਸ਼ਾਂ ਵੱਲ ਮੁਹਾਰ ਕਰ ਰਹੇ ਹਨ ਅਤੇ ਨਿਰਾਸ਼ਾ ਦੇ ਆਲਮ 'ਚ ਗਲਤ ਪਾਸੇ ਨਸ਼ੇ ਦੀ ਦਲਦਲ ਵਿੱਚ ਜਾ ਰਹੇ ਹਨ ਜਿਸ ਦਾ ਹੱਲ ਦੇਸ਼ ਨੂੰ ਰੁਜਗਾਰ ਮੁਖੀ ਬਣਾਉਣ ਨਾਲ ਹੀ ਨਿਕਲ ਸਕਦਾ ਹੈ। ਆਗੂਆਂ ਨੇ ਕਿਹਾ ਕਿ ਨਸ਼ੇ ਵਿੱਚ ਫਸੇ ਨੌਜਵਾਨਾਂ ਦਾ ਉਚਿਤ ਇਲਾਜ ਕਰਨਾ ਪੰਜਾਬ ਸਰਕਾਰ ਦਾ ਮੁੱਖ ਕੰਮ ਹੈ ਅਤੇ ਨਸ਼ਾ ਤਸਕਰਾਂ ਨੂੰ ਸਖਤੀ ਨਾਲ ਨੱਥ ਪਾਈ ਜਾਵੇ। 'ਹਾਕਮੋ ਨਸ਼ਾ ਬੰਦ ਕਰੋ ਰੁਜਗਾਰ ਦਾ ਪ੍ਰਬੰਧ ਕਰੋ' ਨਾਹਰੇ ਹੇਠ 28 ਸਤੰਬਰ ਨੂੰ ਫਿਲੌਰ ਤੋਂ ਖਟਕੜ ਕਲਾਂ ਵੱਲ ਮੋਟਰਸਾਈਕਲ,ਸਕੂਟਰ ਮਾਰਚ ਮੁੱਖ ਦਫਤਰ ਦਿੱਲੀ ਮੋਰਚੇ ਦੇ ਮਹਾਨ ਸ਼ਹੀਦਾਂ ਦੀ ਯਾਦਗਾਰ ਫਿਲੌਰ ਤੋਂ ਰਵਾਨਾ ਹੋਵੇਗਾ। ਇਸ ਮੌਕੇ ਪ੍ਰਿੰਸ, ਬਲਕਾਰ, ਮੁਕੇਸ਼ ਕਾਂਸੀ, ਹਰਭਜਨ ਲਾਲ,ਵਿਕੀ, ਸੋਨੂੰ,ਸਲੀਮ,ਰਵੀ,ਮੱਨੂ, ਲਾਹੌਰੀ ਲਾਲ, ਗੁਰਪ੍ਰੀਤ,ਗੀਰੀ ਆਦਿ ਸ਼ਾਮਿਲ ਸਨ।

ਵਿਧਾਨ ਸਭਾ ਹਲਕਾ ਬਟਾਲਾ ਦਾ ਵਿਕਾਸ ਮੇਰੀ ਪਹਿਲੀ ਤਰਜੀਹ : ਸ਼ੈਰੀ ਕਲਸੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਆਪ ਪਾਰਟੀ ਦਾ ਆਧਾਰ ਦਿਨੋ ਦਿਨ ਵੱਧ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀ ਦੇ ਆਗੂ ਤੇ ਵਰਕਰ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਦੇ ਚੱਲਦਿਆਂ ਵਿਧਾਨ ਸਭਾ ਹਲਕਾ ਬਟਾਲਾ ਵਿੱਚ ਪੈਂਦੇ ਬਲਾਕ ਧਾਰੀਵਾਲ ਦੇ ਪਿੰਡ ਅਰਜਨਪੁਰ ਵਿਖੇ ਕਈ ਪਰਿਵਾਰ ਕਾਂਗਰਸ ਤੇ ਅਕਾਲੀ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ ਕਰਵਾਏ ਸਮਾਗਮ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ ਤੇ ਸਾਰਿਆਂ ਨੂੰ ਨਾਲ ਲੈ ਕੇ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ। ਉਨਾਂ ਅੱਗੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕ ਭਲਾਈ ਦਾ ਸਕੀਮਾਂ ਹੇਠਲੇ ਪੱਧਰ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਹਰ ਵਰਗ ਦੇ ਲੋਕਾਂ ਵਲੋਂ ਭਰਵਾਂ ਪਿਆਰ ਦਿੱਤਾ ਜਾ ਰਿਹਾ ਹੈ ਅਤੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਕਾਰਨ ਹੀ ਰਵਾਇਤੀ ਪਾਰਟੀ ਦੇ ਆਗੂ, ਵਰਕਰ ਤੇ ਪਰਿਵਾਰ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਅੰਦਰ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦਿਨ ਰਾਤ ਲੋਕਾਂ ਦੇ ਸੰਪਰਕ ਵਿੱਚ ਰਹਿੰਦੇ ਹਨ ਅਤੇ ਲੋਕਾਂ ਤੱਕ ਪਹੁੰਚ ਕਰਕੇ ਉਨਾਂ ਦੇ ਕੰਮ ਕਰਵਾ ਰਹੇ ਹਨ।

50 ਲੀਟਰ ਲਾਹਣ ਤੇ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ 2 ਕਾਬੂ

ਜਲਾਲਾਬਾਦ, (ਜੀਤ ਕੁਮਾਰ) ਥਾਣਾ ਵੈਰੋਕੇ ਅਤੇ ਅਮੀਰ ਖਾਸ ਦੀ ਪੁਲਸ ਵੱਲੋਂ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਅਤੇ 50 ਲੀਟਰ ਲਾਹਣ ਸਮੇਤ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕੁਮਚਾਰੀਆਂ ਦੇ ਨਾਲ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਗਸ਼ਤ ਦੌਰਾਨ ਵੈਰੋਕੇ ਬਿਜਲੀ ਘਰ ਦੇ ਸਾਹਮਣੇ ਦਾਣਾ ਮੰਡੀ ਵਿਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕਸ਼ਮੀਰ ਸਿੰਘ ਪੁੱਤਰ ਪੰਜਾ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਜੋ ਨਾਜਾਇਜ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ ਤੇ ਜੇਕਰ ਹੁਣੇ ਉਸਦੇ ਘਰ ਰੇਡ ਕੀਤਾ ਜਾਵੇ ਤਾਂ ਨਾਜਾਇਜ ਸ਼ਰਾਬ ਜਾਂ ਲਾਹਣ ਸਮੇਤ ਕਾਬੂ ਆ ਸਕਦਾ ਹੈ, ਜਿਸ ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਕਸ਼ਮੀਰ ਸਿੰਘ ਨੂੰ 50 ਲੀਟਰ ਲਾਹਣ ਸਣੇ ਕਾਬੂ ਕੀਤਾ ਹੈ। ਥਾਣਾ ਵੈਰੋਕੇ ਦੀ ਪੁਲਸ ਨੇ ਕਸ਼ਮੀਰ ਸਿੰਘ ਦੇ ਖਿਲਾਫ ਧਾਰਾ 61/1/14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਥਾਣਾ ਅਮੀਰ ਖਾਸ ਵਿਖੇ ਹੌਲਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਅਮੀਰ ਖਾਸ ਵਿਖੇ ਨਹਿਰ ਦੇ ਪੁਲ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਅੰਗਰੇਜ ਸਿੰਘ ਉਰਫ ਲੱਡੂ ਪੁੱਤਰ ਚਿੰਮਨ ਸਿੰਘ ਵਾਸੀ ਅਮੀਰ ਖਾਸ, ਜੋ ਨਾਈ ਦੀ ਦੁਕਾਨ ਨੇੜੇ ਬੱਸ ਅੱਡਾ ਅਮੀਰ ਖਾਸ ਕਰਦਾ ਹੈ ਅਤੇ ਆਪਣੀ ਦੁਕਾਨ ਅਤੇ ਨਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦਾ ਹੈ, ਜੇਕਰ ਹੁਣੇ ਹੀ ਉਸਦੀ ਦੁਕਾਨ ਤੇ ਰੇਡ ਕੀਤੀ ਜੀਵੇ ਤਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਰੇਡ ਕਰਕੇ ਅੰਗਰੇਜ ਸਿੰਘ ਉਰਫ ਲ

21-Sep-PAGE- 3 qxd.qxd 9/20/2023 10:38 PM Page 1

28 ਦੇ ਰੇਲ ਚੱਕਾ ਜਾਮ ਦੀਆਂ ਤਿਆਰੀਆਂ ਜ਼ੋਰਾਂ 'ਤੇ : ਸਭਰਾਂ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨੀ ਮਸਲਿਆਂ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਪਿੰਡ ਸਭਰਾਂ ਵਿਖੇ ਪੰਦਰਵਾੜਾ ਮੀਟਿੰਗ ਅਮਰਜੀਤ ਸਿੰਘ ਸੈਕਟਰੀ, ਬਲਕਾਰ ਸਿੰਘ ਦੋਧੀ, ਜਥੇਦਾਰ ਹਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਸਭਰਾ, ਨਛੱਤਰ ਸਿੰਘ ਫੌਜੀ, ਜੁਗਰਾਜ ਸਿੰਘ ਰਾਜਸਥਾਨੀ ਅਤੇ ਦਲੇਰ ਸਿੰਘ ਨੇ ਦੱਸਿਆ ਕਿ ਭਾਰੀ ਬਰਸਾਤਾਂ ਨਾਲ ਉਤਰੀ ਭਾਰਤ ਦੀਆਂ ਸਟੇਟਾਂ ਵਿਚ ਦਿਲ ਨੂੰ ਦਹਿਲਾ ਦੇਣ ਵਾਲੀ ਤਬਾਹੀ ਹੋਈ। ਉੱਤਰ ਭਾਰਤ ਦੀਆਂ 16 ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਤੋਂ ਰੁੜ੍ਹ ਚੁੱਕੇ ਘਰ-ਘਾਟ, ਪਸ਼ੂ ਧਨ, ਫਸਲਾਂ ਤੇ ਜਾਨੀ ਨੁਕਸਾਨ ਕਰਵਾਉਣ ਵਾਲਿਆਂ ਲਈ ਪੰਜਾਹ ਹਜ਼ਾਰ ਕਰੋੜ ਦਾ ਮੁਆਵਜ਼ਾ ਲੈਣ ਲਈ, ਮਜਦੂਰ ਭਾਈਚਾਰੇ ਨੂੰ 200 ਦਿਨ ਲਗਾਤਾਰ ਕੰਮ, ਗਰੰਟੀ ਕਾਨੂੰਨ, ਦਿੱਲੀ ਅੰਦੋਲਨ ਦੌਰਾਨ ਹੋਏ ਪਰਚੇ ਰੱਦ ਕਰਨ, ਲਖੀਮਪੁਰ ਵਿਚ ਕਿਸਾਨਾਂ ਤੇ ਪੱਤਰਕਾਰ ਨੂੰ ਸ਼ਹੀਦ ਕਰਨ ਵਾਲੇ ਗੁੰਡਿਆਂ ਨੂੰ ਸਖਤ ਸਜ਼ਾਵਾਂ ਦਿਵਾਉਣ, ਕਿਸਾਨਾਂ ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ, ਨਸ਼ਿਆਂ ਨੂੰ ਰੋਕਣ, ਨਸ਼ਿਆਂ ਦਾ ਵਪਾਰ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣ, ਅਬਾਦਕਾਰਾਂ ਨੂੰ ਮਾਲਕੀ ਹੱਕ ਦਿਵਾਉਣ, ਡਾਕਟਰ ਸਵਾਮੀਨਾਥਨ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਆਦਿ ਲੈਣ ਲਈ ਉੱਤਰੀ ਭਾਰਤ ਦੀਆਂ ਜਥੇਬੰਦੀਆਂ ਵੱਲੋਂ 28 ਸਤੰਬਰ ਤੋਂ ਰੇਲ ਲਾਈਨਾਂ 'ਤੇ ਅੰਦੋਲਨ ਸ਼ੁਰੂ ਹੋਣਗੇ।

ਸੂਬਾ ਪ੍ਰਧਾਨ ਜਥੇਦਾਰ ਸੁਖਵਿੰਦਰ ਸਿੰਘ ਸਭਰਾਂ ਨੇ ਆਖਿਆ ਕਿ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਲੜਨ ਲਈ ਜਥੇਬੰਦਕ ਹੋਣਾ ਸਮੇਂ ਦੀ ਮੁੱਖ ਲੋੜ ਹੈ।

ਰੇਲਾਂ ਰੋਕਣ ਸਮੇਂ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਸਰਕਾਰਾਂ ਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਗੁਰਦਿਆਲ ਸਿੰਘ, ਲੱਖਾ ਸਿੰਘ, ਪ੍ਰਕਾਸ਼ ਸਿੰਘ, ਮੁਖਤਿਆਰ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਧਰਮ ਸਿੰਘ, ਬਲਵੰਤ ਸਿੰਘ, ਜਸਬੀਰ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਰਦਿਆਲ ਸਿੰਘ, ਬੁੱਧ ਸਿੰਘ, ਕੁਲਵਿੰਦਰ ਸਿੰਘ, ਤਰਲੋਚਨ ਸਿੰਘ, ਸੁਖਦੇਵ ਸਿੰਘ, ਅਜੀਤ ਸਿੰਘ, ਕਰਨੈਲ ਸਿੰਘ ਆਦਿ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ 2 ਤੇ 3 ਅਕਤੂਬਰ ਨੂੰ ਕਰਵਾਏਗੀ ਦੋ ਰੋਜ਼ਾ ਵਿੱਦਿਅਕ ਕਾਨਫ਼ਰੰਸ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ, ਮੌਜੂਦਾ ਸਮੱਸਿਆਵਾਂ ਅਤੇ ਸੰਭਾਵੀ ਹੱਲ ਦੇ ਵਿਸ਼ੇ ਤਹਿਤ ਦੋ ਰੋਜ਼ਾ ਵਿੱਦਿਅਕ ਕਾਨਫ਼ਰੰਸ ਆਯੋਜਤ ਕੀਤੀ ਜਾ ਰਹੀ ਹੈ। ਇਹ ਕਾਨਫ਼ਰੰਸ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਗਿਆਨੀ ਦਿੱਤ ਸਿੰਘ ਆਡੋਟੋਰੀਅਮ ਵਿਚ 2 ਅਤੇ 3 ਅਕਤੂਬਰ ਨੂੰ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਨਫ਼ਰੰਸ ਦੀ ਰੂਪ ਰੇਖਾ ਸਬੰਧੀ ਸਾਰਣੀ ਜਾਰੀ ਕਰਦਿਆਂ ਇਸ ਦੇ ਬੇਹਤਰ ਪ੍ਰਭਾਵ ਦੀ ਆਸ ਪ੍ਰਗਟਾਈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਦਹਾਕੇ ਦੌਰਾਨ ਪੰਜਾਬ ਦੀ ਉਚੇਰੀ ਸਿੱਖਿਆ ਦੇ ਖੇਤਰ ਵਿਚ ਆਈਆਂ ਸਮੱਸਿਆਵਾਂ ਪ੍ਰਤੀ ਚਿੰਤਤ ਹੁੰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਾਨਫ਼ਰੰਸ ਆਯੋਜਿਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਡੀ ਗਿਣਤੀ ਵਿਚ ਉਚੇਰੀ ਸਿੱਖਿਆ ਦੇ ਖੇਤਰ ਵਿਚ ਆਪਣੀਆਂ ਵਿੱਦਿਅਕ ਸੰਸਥਾਵਾਂ ਰਾਹੀਂ ਅਹਿਮ ਜ਼ੁੰਮੇਵਾਰੀ ਨਿਭਾਅ ਰਹੀ ਹੈ ਅਤੇ ਨੌਜੁਆਨੀ ਦੇ ਚੰਗੇ ਭਵਿੱਖ ਲਈ ਹੋਰ ਬੇਹਤਰ ਦਿਸ਼ਾ ਵਾਸਤੇ ਕਾਰਜਸ਼ੀਲ ਵੀ ਹੈ। ਉਨ੍ਹਾਂ ਦੱਸਿਆ ਕਿ ਦੋ ਰੋਜ਼ਾ ਵਿੱਦਿਅਕ ਕਾਨਫ਼ਰੰਸ ਅੰਦਰ ਪੰਜਾਬ ਦੀਆਂ ਸਾਰੀਆਂ ਉਚੇਰੀ ਸਿੱਖਿਆ ਨਾਲ ਸਬੰਧਤ ਸੰਸਥਾਵਾਂ ਨੂੰ ਇਸ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਹਰ ਪੱਧਰ 'ਤੇ ਸੰਪਰਕ ਪਹੁੰਚ ਅਪਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵੱਲੋਂ ਇਸ ਦਿਸ਼ਾ ਵਿਚ ਅਗਲੇ ਸਮਿਆਂ ਦੌਰਾਨ ਵੀ ਕਾਰਜ ਜਾਰੀ ਰੱਖੇ ਜਾਣਗੇ। ਕਾਨਫ਼ਰੰਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿਦਿਆ ਸੁਖਮਿੰਦਰ ਸਿੰਘ ਨੇ ਦੱਸਿਆ ਕਿ ਇਸ ਵਿਚ ਉੱਚ ਕੋਟੀ ਦੇ ਸਿੱਖਿਆ ਸ਼ਾਸਤਰੀ ਆਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਐਡਵੋਕੇਟ ਧਾਮੀ ਦੀ ਪ੍ਰਧਾਨਗੀ ਹੇਠ ਹੋ ਰਹੀ ਕਾਨਫ਼ਰੰਸ ਵਿਚ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਿਸ਼ੇਸ਼ ਭਾਸ਼ਣ ਦੇਣਗੇ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਸਵਾਗਤੀ ਸ਼ਬਦ ਕਹਿਣਗੇ। ਵਿਚਾਰ ਚਰਚਾ ਵਿਚ ਵੱਖ-ਵੱਖ ਯੂਨੀਵਰਸਿਟੀਆਂ ਦੇ ਵੀਸੀ ਡਾ. ਅਰਵਿੰਦ, ਡਾ. ਜਸਪਾਲ ਸਿੰਘ, ਡਾ. ਰੇਨੂ ਵਿਜ, ਡਾ. ਪ੍ਰਿਤਪਾਲ ਸਿੰਘ, ਡਾ. ਜੈ ਰੂਪ ਸਿੰਘ, ਡਾ. ਗੁਰਮੋਹਨ ਸਿੰਘ ਵਾਲੀਆ, ਕਾਹਨ ਸਿੰਘ ਪੰਨੂ, ਸਤਨਾਮ ਸਿੰਘ ਮਾਣਕ, ਡਾ. ਵਰਿੰਦਰਪਾਲ ਸਿੰਘ, ਐੱਚ, ਐੱਸ, ਚੀਮਾ, ਡਾ. ਜੋਗਾ ਸਿੰਘ, ਡਾ. ਖੁਸ਼ਵਿੰਦਰ ਕੁਮਾਰ, ਡਾ. ਕੰਵਲਜੀਤ ਸਿੰਘ, ਡਾ. ਸਿਕੰਦਰ ਸਿੰਘ, ਉਪਕਾਰ ਸਿੰਘ ਅਹੂਜਾ, ਹਰਮੀਤ ਸਿੰਘ ਵਿਦਿਆਰਥੀ, ਡਾ. ਮਦਨਜੀਤ ਕੌਰ ਸਹੋਤਾ ਆਦਿ ਸ਼ਾਮਲ ਹੋਣਗੇ।

ਬੱਸ ਦੀ ਲਪੇਟ ਵਿਚ ਆਉਣ ਨਾਲ ਔਰਤ ਦੀ ਮੌਤ

ਗੁਰਦਾਸਪੁਰ, (ਜਨਕ ਮਹਾਜਨ)-ਬੀਤੀ ਦੇਰ ਸ਼ਾਮ ਗੁਰਦਾਸਪੁਰ ਸ਼ਹਿਰ ਅੰਦਰ ਮੰਡੀ ਚੌਕ ਨਜ਼ਦੀਕ ਸਰਕਾਰੀ ਬੱਸ ਦੀ ਲਪੇਟ ਵਿਚ ਆਉਣ ਕਾਰਨ ਇਕ ਔਰਤ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਮ੍ਰਿਤਕਾ ਦੇ ਪਤੀ ਰੂਪਾ ਮਸੀਹ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਇਕ ਨਿੱਜੀ ਟੈਸਟ ਲੈਬ ਤੋਂ ਹੋ ਕੇ ਮੰਡੀ ਚੌਕ ਨਜ਼ਦੀਕ ਬੁੱਤਾਂ ਵਾਲੀ ਗਲੀ ਕੋਲ ਪਹੁੰਚੇ ਤਾਂ ਬੱਸ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਉਹ ਤਾਂ ਸੜਕ ਦੇ ਕਿਨਾਰੇ ਡਿਗ ਗਿਆ ਪਰ ਉਸ ਦੀ ਪਤਨੀ ਨੀਤਾ ਮਸੀਹ ਬੱਸ ਦੇ ਪਿਛਲੇ ਟਾਇਰਾਂ ਹੇਠਾਂ ਆ ਗਈ ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕਾ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਵਲੋਂ ਨੀਤੂ ਦੀ ਲਾਸ਼ ਨੂੰ ਪੋਸਟਮਾਰਟਮ ਲਈ ਮੋਰਚਰੀ ਵਿਚ ਰਖਵਾ ਦਿੱਤਾ ਹੈ। ਪੀੜਤ ਪਰਿਵਾਰ ਨੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਬੱਸ ਚਾਲਕ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇ। ਮ੍ਰਿਤਕਾ ਆਪਣੇ ਪਿੱਛੇ ਤਿੰਨ ਬੱਚੇ ਅਤੇ ਪਤੀ ਨੂੰ ਰੋਂਦਾ ਕੁਰਲਾਉਂਦਾ ਛੱਡ ਗਈ ਹੈ।

ਮੋਬਾਇਲ ਖੋਹਣ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਚੋਰੀ ਦੇ ਦੋਸ਼ਾਂ ਹੇਠ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਜੀਵਨ ਸਿੰਘ ਨੇ ਦੱਸਿਆ ਕਿ ਅਜੇ ਪੁੱਤਰ ਘਣਸ਼ਿਆਮ ਚੌਧਰੀ ਵਾਸੀ ਵਾਰਡ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਜਦੋਂ ਉਹ ਧਾਰੀਵਾਲ ਤੋਂ ਤਲਵੰਡੀ ਵਿਰਕ ਨੂੰ ਜਾ ਰਿਹਾ ਸੀ ਤਾਂ ਇੱਕ ਪਲਟੀਨਾ ਮੋਟਰਸਾਈਕਲ ਰੰਗ ਕਾਲਾ 'ਤੇ ਉਕਤ ਦੋਸ਼ੀ ਸਵਾਰ ਹੋ ਕੇ ਆਏ ਅਤੇ ਸਭ ਤੋਂ ਪਿੱਛੇ ਬੈਠੇ ਨੌਜਵਾਨ ਨੇ ਖੋਖਰੀ ਦਿਖਾ ਕੇ ਮੇਰੇ ਪਾਸੋਂ ਉਸ ਦਾ ਮੋਬਾਇਲ ਫੋਨ ਖੋਹ ਕੇ ਵਾਪਸ ਤਲਵੰਡੀ ਵਿਰਕ ਨੂੰ ਚਲੇ ਗਏ। ਮੋਬਾਇਲ ਚੋਰੀ ਕਰਨ ਵਾਲਿਆਂ ਦੀ ਪਹਿਚਾਣ ਰਾਹੁਲ ਪੁੱਤਰ ਡੈਨੀਅਲ ਵਾਸੀ ਤਲਵੰਡੀ ਵਿਰਕ ਅਤੇ ਅਭੀ ਵਾਸੀ ਜੀਵਨਵਾਲ ਵਜੋਂ ਹੋਈ ਹੈ। ਤੀਜਾ ਅਣਪਛਾਤਾ ਹੈ। ਪੁਲਸ ਨੇ ਉਕਤ ਨੌਜਵਾਨਾਂ ਖ਼ਿਲਾਫ਼ ਧਾਰਾ 341, 379 ਬੀ, 34 ਅਧੀਨ ਮਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਨਵੀਂ ਕੈਂਪੇਨ 'ਐੱਸਆਈਪੀ ਹੈ #ਫਾਇਦੇ ਵਾਲੀ ਆਦਤ' ਸ਼ੁਰੂ

ਲੁਧਿਆਣਾ : ਐੱਚਐੱਸਬੀਸੀ ਮਿਊਚਲ ਫੰਡ ਨੇ ਨਿਵੇਸ਼ਕ ਐਜੂਕੇਸ਼ਨ ਕੈਂਪੇਨ 'ਐੱਸਆਈਪੀ ਹੈ #ਫਾਇਦੇ ਵਾਲੀ ਆਦਤ' ਦੀ ਸ਼ੁਰੂਆਤ ਕੀਤੀ ਜੋ ਕਿ ਲੰਬੇ ਸਮੇਂ ਦੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਐੱਸਆਈਪੀ ਦੀ ਪਰਿਵਰਤਨਸ਼ੀਲ ਸ਼ਕਤੀ ਨੂੰ ਉਜਾਗਰ ਕਰਦਾ ਹੈ। ਆਪਣੀ ਕਿਸਮ ਦੇ ਇਸ ਪਹਿਲੇ ਕੈਂਪੇਨ ਦਾ ਉਦੇਸ਼ ਭਾਰਤ ਦੇ 27 ਤੋਂ 35 ਸਾਲਾਂ ਦੇ ਮਿਲੇਨੀਅਲ ਨਿਵੇਸ਼ਕਾਂ ਨੂੰ ਸਿੱਖਿਅਤ ਅਤੇ ਸਸ਼ਕਤ ਕਰਨਾ ਹੈ। ਭਾਰਤ ਦੇ ਮਿਊਚਲ ਫੰਡ ਉਦਯੋਗ ਵਿੱਚ ਨਵੇਂ ਨਿਵੇਸ਼ਕਾਂ ਦੀ ਇੱਕ ਸ਼ਾਨਦਾਰ ਆਮਦ ਦੇਖੀ ਗਈ ਹੈ, ਉਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਹਿੱਸਾ ਮਿਲੇਨੀਅਲਜ਼ ਦਾ ਹੈ। ਐੱਸਆਈਪੀ ਮਿਲੇਨੀਅਲ ਨੂੰ ਵੱਖੋ-ਵੱਖਰੇ ਆਮਦਨੀ ਪੱਧਰਾਂ ਦੇ ਬਾਵਜੂਦ ਲਗਾਤਾਰ ਨਿਵੇਸ਼ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਕੈਂਪੇਨ ਦਾ ਵੀਡੀਓ ਕੰਪਾਊਂਡਿੰਗ ਦੀ ਸ਼ਕਤੀ ਅਤੇ ਅਨੁਸ਼ਾਸਿਤ ਨਿਵੇਸ਼ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਹ ਮਿਲੇਨੀਅਲਜ਼ ਨੂੰ ਉਨ੍ਹਾਂ ਦੇ ਵਿੱਤੀ ਟੀਚਿਆਂ ਦੇ ਨਾਲ ਇਕਸਾਰ ਹੋ ਕੇ ਆਪਣੀ ਨਿਵੇਸ਼ ਯਾਤਰਾ ਜਲਦੀ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਡਾ. ਹਰਭਜਨ ਰਾਮ ਮਾਂਡੀ ਵੱਲੋਂ ਸਿਵਲ ਹਸਪਤਾਲ ਦਾ ਦੌਰਾ

ਬਟਾਲਾ, (ਡਾ. ਮਲਵਿੰਦਰ ਸਿੰਘ)-ਡਾ. ਹਰਭਜਨ ਰਾਮ ਮਾਂਡੀ, ਸਿਵਲ ਸਰਜਨ ਗੁਰਦਾਸਪੁਰ ਵੱਲੋਂ ਸਿਵਲ ਹਸਪਤਾਲ ਬਟਾਲਾ ਦਾ ਦੌਰਾ ਕੀਤਾ ਗਿਆ। ਉਨ੍ਹਾਂ ਨੇ ਸਮੂਹ ਮੈਡੀਕਲ ਸਪੈਸ਼ਲਿਸਟ ਅਫਸਰਾਂ ਨਾਲ ਮੀਟਿੰਗ ਕੀਤੀ ਅਤੇ ਡੇਂਗੂ ਬੁਖਾਰ, ਚਿਕਨਗੁਨੀਆ ਅਤੇ ਵਾਇਰਲ ਬੁਖਾਰ ਵਰਗੀਆਂ ਬੀਮਾਰੀਆ ਸਬੰਧੀ ਜਾਣਕਾਰੀ ਲਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਰਵਿੰਦਰ ਸਿੰਘ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਵੱਲੋਂ ਮਰੀਜ਼ਾਂ ਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਉਨ੍ਹਾਂ ਦੀ ਦੇਖ-ਰੇਖ ਦੇ ਪ੍ਰਬੰਧਾਂ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ। ਇਸ ਤੋ ਬਆਦ ਉਨ੍ਹਾਂ ਵੱਲੋਂ ਸਿਵਲ ਹਸਪਤਾਲ ਦੀਆਂ ਵਾਰਡਾਂ ਵਿੱਚ ਜਾ ਕੇ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਸਹੂਲਤ ਲਈ ਵਚਨਬੱਧ ਹੈ ਸਿਵਲ ਹਸਪਤਾਲਾਂ ਵਿੱਚ ਲੋਕਾਂ ਨੂੰ ਕੋਈ ਵੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸੀਨੀਅਰ ਮੈਡੀਕਲ ਅਫਸਰ ਸਮੇਤ ਸਮੂਹ ਅਫਸਰਾਂ ਨੂੰ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਆਉਣ ਵਾਲੀਆਂ ਸੰਗਤਾਂ ਨੂੰ ਸਿਹਤ ਸਬੰਧੀ ਕੋਈ ਵੀ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਮੁਹਾਈਆਂ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਸਿਹਤ ਵਿਭਾਗ ਤੱਤਪਰ ਹੈ।

ਮੁੱਖ ਮੰਤਰੀ ਨੇ ਗ੍ਰਾਮੀਣ ਵਿਕਾਸ ਦੇ 5 ਨਵੇਂ ਕੰਮਾਂ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਜ਼ਿਲ੍ਹਾ ਭਿਵਾਨੀ ਵਿਚ 35 ਕਰੋੜ ਰੁਪਏ ਤੋਂ ਵੱਧ ਲਾਗਤ ਦੇ 5 ਨਵੇਂ ਕੰਮਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਹੈ। ਬੁਲਾਰੇ ਨੇ ਦਸਿਆ ਕਿ 5 ਮੰਜੂਰ ਕੰਮਾਂ ਵਿਚ ਲਗਭਗ 9.98 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਢਿਗਾਵਾ ਜਾਟਾਨ, ਭਿਵਾਨੀ ਵਿਚ ਵਾਟਰ ਵਰਕਸ ਦਾ ਨਿਰਮਾਣ, 8.42 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਪਹਾੜੀ, ਜ਼ਿਲ੍ਹਾ ਭਿਵਾਨੀ ਵਿਚ ਜਲ ਸਪਲਾਈ ਪ੍ਰਣਾਲੀ ਦਾ ਮਜਬੂਤੀਕਰਣ ਅਤੇ ਵਾਟਰ ਵਰਕਸ ਦਾ ਨਿਰਮਾਣ, 8.31 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਕੁਰਲ, ਭਿਵਾਨੀ ਵਿਚ ਜਲ ਸਪਲਾਈ ਪ੍ਰਣਾਲੀ ਦਾ ਮਜਬੂਤੀਕਰਣ ਅਤੇ ਵਾਟਰ ਵਰਕਸ ਦਾ ਨਿਰਮਾਣ, 7.98 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਖਰਕੜੀ, ਭਿਵਾਨੀ ਵਿਚ ਵਾਟਰ ਵਰਕਸ ਦਾ ਨਿਰਮਾਣ ਅਤੇ 45.91 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਵਰਕਸ ਦੁਲਹੇੜੀ, ਭਿਵਾਨੀ ਵਿਚ ਵੱਧ ਏਸ/ਏਸ ਟੈਂਕ ਦਾ ਨਿਰਮਾਣ ਕੰਮ ਸ਼ਾਮਿਲ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੋਢਲ ਮੇਲੇ ਸਬੰਧੀ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ : ਡਿਪਟੀ ਕਮਿਸ਼ਨਰ

ਜਲੰਧਰ, (ਸ਼ੈਲੀ ਐਲਬਰਟ)-ਡਿਪਟੀ ਕਮਿਸ਼ਨਰ ਵਿਸੇਸ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 28 ਸਤੰਬਰ ਨੂੰ ਲੱਗਣ ਵਾਲੇ ਸਾਲਾਨਾ ਮੇਲੇ ਦੌਰਾਨ ਸ੍ਰੀ ਸਿੱਧ ਬਾਬਾ ਸੋਢਲ ਮੰਦਿਰ ਵਿਖੇ ਮੱਥਾ ਟੇਕਣ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸ ਸਬੰਧੀ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱ

21-Sep-PAGE-4.qxd 9/20/2023 10:44 PM Page 1

ਨਵਾਂ ਜ਼ਮਾਨਾ
ਵੀਰਵਾਰ, 21 ਸਤੰਬਰ 2023

ਬੀ ਪੀ 'ਤੇ ਕਰੋ ਕੰਟਰੋਲ

ਹਾਈ ਬਲੱਡ ਪ੍ਰੈਸ਼ਰ (ਹਾਈ ਬੀ ਪੀ) ਜਾਂ ਹਾਈ ਪਰਟੈਂਸ਼ਨ ਇਕ ਅਜਿਹੀ ਬਿਮਾਰੀ ਹੈ, ਜਿਹੜੀ ਕਈ ਜਾਨਲੇਵਾ ਸਮੱਸਿਆਵਾਂ; ਜਿਵੇਂ ਕਿ ਦਿਲ ਫੇਲ੍ਹ ਹੋਣਾ, ਕਿਡਨੀ ਡੈਮੇਜ, ਬ੍ਰੇਨ ਸਟ੍ਰੋਕ ਆਦਿ ਦਾ ਕਾਰਨ ਬਣ ਸਕਦੀ ਹੈ। ਇਹੀ ਕਾਰਨ ਹੈ ਕਿ ਇਸ ਬਿਮਾਰੀ ਨੂੰ ਜਾਨਲੇਵਾ ਮੰਨਿਆ ਜਾਂਦਾ ਹੈ। ਕੁਝ ਦਹਾਕੇ ਪਹਿਲਾਂ ਇਸ ਨੂੰ ਬਜ਼ੁਰਗਾਂ ਦੀ ਬਿਮਾਰੀ ਸਮਝਿਆ ਜਾਂਦਾ ਸੀ, ਪਰ ਅੱਜ ਤਾਂ ਨੌਜਵਾਨ ਤਾਂ ਕੀ, ਨਿੱਕੇ-ਨਿੱਕੇ ਬੱਚੇ ਵੀ ਇਸ ਦੇ ਸ਼ਿਕਾਰ ਹੋ ਰਹੇ ਹਨ। ਵਿਸ਼ਵ ਸਿਹਤ ਜਥੇਬੰਦੀ ਨੇ ਪਹਿਲੀ ਵਾਰ ਹਾਈਪਰਟੈਂਸ਼ਨ ਦੇ ਪ੍ਰਭਾਵ ਤੇ ਇਸ ਤੋਂ ਬਚਾਅ ਨੂੰ ਲੈ ਕੇ ਪਹਿਲੀ ਵਾਰ ਵਿਸਤ੍ਰਿਤ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਮੁਤਾਬਕ ਦੁਨੀਆ ਦਾ ਹਰ ਤੀਜਾ ਬਾਲਗ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਦਾ ਸ਼ਿਕਾਰ ਹੈ। ਰਿਪੋਰਟ ਮੁਤਾਬਕ 5 ਵਿੱਚੋਂ 4 ਮਰੀਜ਼ਾਂ ਨੂੰ ਸਹੀ ਇਲਾਜ ਨਹੀਂ ਮਿਲ ਰਿਹਾ। ਜੇ ਇਨ੍ਹਾਂ ਮਰੀਜ਼ਾਂ ਨੂੰ ਸਹੀ ਇਲਾਜ ਮਿਲੇ ਤਾਂ 2023 ਤੋਂ 2050 ਤੱਕ ਘੱਟੋ-ਘੱਟ 7 ਕਰੋੜ 60 ਲੱਖ ਲੋਕਾਂ ਦੀ ਮੌਤ ਨੂੰ ਰੋਕਿਆ ਜਾ ਸਕਦਾ ਹੈ। ਇਸ ਦੇ ਇਲਾਵਾ ਇਸ ਛੋਟੇ ਜਿਹੇ ਕਦਮ ਨਾਲ ਦੁਨੀਆ-ਭਰ ਵਿਚ ਹੋਣ ਵਾਲੇ 12 ਕਰੋੜ ਸਟ੍ਰੋਕ ਦੇ ਮਾਮਲਿਆਂ, 7 ਕਰੋੜ 90 ਲੱਖ ਹਾਰਟ ਅਟੈਕ ਦੇ ਮਾਮਲਿਆਂ ਤੇ ਇਕ ਕਰੋੜ 70 ਲੱਖ ਦਿਲ ਫੇਲ੍ਹ ਹੋਣ ਦੇ ਮਾਮਲਿਆਂ ਨੂੰ ਰੋਕਿਆ ਜਾ ਸਕਦਾ ਹੈ। ਰਿਪੋਰਟ 'ਚ ਭਾਰਤ ਦੇ ਮਾਮਲੇ ਵਿਚ ਕਿਹਾ ਗਿਆ ਹੈ ਕਿ ਜੇ ਇਸ ਦੇ ਬੀ ਪੀ ਦੇ ਅੱਧੇ ਮਰੀਜ਼ ਬੀ ਪੀ ਕੰਟਰੋਲ ਕਰ ਲੈਣ ਤਾਂ 2040 ਤੱਕ ਘੱਟੋ-ਘੱਟ 46 ਲੱਖ ਮੌਤਾਂ ਰੋਕੀਆਂ ਜਾ ਸਕਦੀਆਂ ਹਨ। ਰਿਪੋਰਟ ਮੁਤਾਬਕ ਭਾਰਤ ਦੇ 31 ਫੀਸਦੀ ਲੋਕ (18 ਕਰੋੜ 83 ਲੱਖ) ਬੀ ਪੀ ਦੇ ਮਰੀਜ਼ ਹਨ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਭਾਰਤ ਦੇ ਸਿਰਫ 37 ਫੀਸਦੀ ਲੋਕਾਂ ਦੇ ਬੀ ਪੀ ਦੀ ਜਾਂਚ ਕੀਤੀ ਗਈ ਹੈ ਤੇ 30 ਫੀਸਦੀ ਹੀ ਇਲਾਜ ਕਰਾਉਂਦੇ ਹਨ। ਰਿਪੋਰਟ ਮੁਤਾਬਕ ਦੁਨੀਆ ਦੇ ਲਗਭਗ ਅੱਧੇ ਮਰੀਜ਼ਾਂ ਨੂੰ ਪਤਾ ਵੀ ਨਹੀਂ ਹੈ ਕਿ ਉਨ੍ਹਾਂ ਨੂੰ ਇਹ ਖਤਰਨਾਕ ਬਿਮਾਰੀ ਹੈ। 1990 ਵਿਚ ਜਿੱਥੇ ਬੀ ਪੀ ਦੇ ਮਰੀਜ਼ 650 ਕਰੋੜ ਸਨ, ਉਹ 2019 ਵਿਚ 1300 ਕਰੋੜ ਹੋ ਗਏ। ਬੀ ਪੀ ਵਧਣ ਦਾ ਆਮ ਕਾਰਨ ਤਾਂ ਵਧਦੀ ਉਮਰ ਤੇ ਜੈਨੇਟਿਕਸ ਹੁੰਦੇ ਹਨ, ਪਰ ਪਿਛਲੇ ਕੁਝ ਸਾਲਾਂ ਵਿਚ ਬਹੁਤ ਜ਼ਿਆਦਾ ਲੂਣ ਦੀ ਵਰਤੋਂ, ਕਸਰਤ ਵਿਚ ਕਮੀ ਤੇ ਦਾਰੂ ਦੀ ਲਤ ਆਦਿ ਇਸ ਦੇ ਪ੍ਰਮੁੱਖ ਕਾਰਨਾਂ ਵਜੋਂ ਉਭਰੇ ਹਨ। ਪੈਕਟਾਂ ਵਾਲੇ ਫੂਡ ਤੋਂ ਲੈ ਕੇ ਰੈਸਟੋਰੈਂਟ ਤੇ ਹੋਟਲਾਂ ਤੋਂ ਮਿਲਣ ਵਾਲੇ ਖਾਣੇ ਤੱਕ ਵਿਚ ਲੂਣ ਦੀ ਵੱਧ ਮਾਤਰਾ ਬੀ ਪੀ ਦੇ ਮਰੀਜ਼ ਵਧਾ ਰਹੀ ਹੈ। ਰਿਪੋਰਟ ਵਿਚ ਸਲਾਹ ਦਿੱਤੀ ਗਈ ਹੈ ਕਿ ਨਿੱਕੇ-ਨਿੱਕੇ ਬਦਲਾਵਾਂ ਨਾਲ ਬੀ ਪੀ ਦੀ ਸਮੱਸਿਆ ਨੂੰ ਮੈਨੇਜ ਕੀਤਾ ਜਾ ਸਕਦਾ ਹੈ, ਜਿਵੇਂ ਕਿ ਹੈਲਦੀ ਡਾਈਟ, ਤੰਬਾਕੂਨੋਸ਼ੀ ਬੰਦ ਤੇ ਕਸਰਤ ਆਦਿ। ਰਿਪੋਰਟ ਵਿਚ ਲੂਣ ਦੀ ਮਾਤਰਾ ਨੂੰ ਵੱਧ ਤੋਂ ਵੱਧ ਘਟਾਉਣ 'ਤੇ ਖਾਸ ਤੌਰ 'ਤੇ ਜ਼ੋਰ ਦਿੱਤਾ ਗਿਆ ਹੈ।

ਬੱਚਿਆਂ ਅੰਦਰ ਸਹਿਯੋਗ, ਨੈਤਿਕਤਾ ਤੇ ਸੰਸਕਾਰਾਂ ਦੀ ਅਣਹੋਂਦ ਚਿੰਤਾ ਦਾ ਵਿਸ਼ਾ

ਚੰਨਦੀਪ ਸਿੰਘ ਬੁਤਾਲਾ

ਅਜੋਕੇ ਸਮੇਂ ਦੇ ਤੇਜ਼-ਤਰਾਰ ਯੁੱਗ ਵਿੱਚ ਸਮਾਜ ਨੇ ਹਰੇਕ ਖੇਤਰ 'ਚ ਮੱਲਾਂ ਮਾਰੀਆਂ ਹਨ ਅਤੇ ਸੁੱਖ ਸਹੂਲਤਾਂ ਉਦਮੀ ਰੋਲ ਵਿੱਚ ਹਨ, ਪਰ ਇਸ ਤਰੱਕੀ ਦੇ ਸਮੇਂ ਵਿੱਚ ਸਾਡੇ ਪਰਿਵਾਰਿਕ ਰਿਸ਼ਤੇ ਕਿਤੇ ਨਾ ਕਿਤੇ ਤਿੜਕਦੇ ਨਜ਼ਰ ਆਉਂਦੇ ਹਨ। ਪਿਛਲੇ ਦਹਾਕਿਆਂ 'ਤੇ ਨਜ਼ਰ ਮਾਰੀਏ ਤਾਂ ਅਸੀਂ ਆਪਣੇ ਬਜ਼ੁਰਗਾਂ ਕੋਲੋਂ ਉਸ ਸਮੇਂ ਦੇ ਹਾਲਤਾਂ ਬਾਰੇ ਜਾਣਦੇ ਹਾਂ ਕਿ ਉਸ ਸਮੇਂ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀ ਸਨ, ਪਰ ਉਨ੍ਹਾਂ ਅੰਦਰ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਕਾਇਮ ਸੀ। ਉਸ ਸਮੇਂ ਸਾਂਝੇ ਪਰਵਾਰ, ਸਾਂਝੇ ਕੰਮ ਸਾਡੇ ਸੱਭਿਆਚਾਰ ਦਾ ਅੰਗ ਸਨ। ਲਾਣੇਦਾਰ ਸਾਰੇ ਪਰਵਾਰ ਨੂੰ ਇੱਕ ਮੁੱਠੀ ਵਿੱਚ ਪਰੋ ਕੇ ਰੱਖਦਾ ਸੀ।

ਹੁਣ ਸਾਡੀ ਸਿੱਖਿਆ ਸਿਖਰ 'ਤੇ ਹੈ ਤੇ ਅਸੀਂ ਆਪਣੀਆਂ ਦਿਮਾਗੀ ਕਾਢਾਂ ਰਾਹੀ ਦੁਨੀਆ ਨੂੰ ਚੰਨ 'ਤੇ ਪਹੁੰਚਾਤਾ ਹੈ ਤੇ ਹਰੇਕ ਪੱਧਰ 'ਤੇ ਆਪਣੇ ਆਪ ਨੂੰ ਸੁਖਾਲਾ ਬਣਾਇਆ ਹੈ, ਪਰ ਇਸ ਤਰੱਕੀ ਦੇ ਬਾਵਜੂਦ ਅਸੀ ਆਪਣੀ ਮਾਨਸਿਕਤਾ ਤੇ ਸੰਸਕਾਰਾ ਦਾ ਵਿਕਾਸ ਨਹੀ ਕਰ ਪਾਏ। ਮੇਲ-ਮਿਲਾਪ, ਪਿਆਰ ਤੇ ਸਾਂਝਾਂ ਸਾਡੇ ਤੋਂ ਵਿਸਰ ਰਹੀਆਂ ਹਨ। ਸ਼ਾਇਦ ਸਾਡੀ ਸਿੱਖਿਆ ਦੀ ਦਿਸ਼ਾ ਸਹੀ ਨਹੀਂ ਜਾਪ ਰਹੀ ਜਾਂ ਫਿਰ ਅਜੋਕੀ ਪੀੜ੍ਹੀ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਵਿੱਚ ਅਸਫਲ ਹੁੰਦੀ ਜਾ ਰਹੀ ਹੈ। ਇੱਕ ਕਾਰਨ ਇਹ ਵੀ ਹੋ ਸਕਦਾ ਕਿ ਅਧੁਨਿਕ ਸਹੂਲਤਾਂ ਸਾਡੇ ਬੱਚਿਆਂ ਨੂੰ ਸਾਡੇ ਤੋਂ ਦੂਰ ਲੈ ਗਈਆਂ ਹਨ। ਬੱਚਾ ਦਾਦੀ ਮਾਂ ਦੀਆ ਲੋਰੀਆਂ ਜੋ ਚੰਗੇ ਗੁਣ ਪੈਦਾ ਕਰਦੀਆਂ ਹਨ, ਨੂੰ ਸੁਣਨ ਨਾਲੋਂ ਮੋਬਾਇਲਾਂ ਵਿੱਚ ਮਸ਼ਰੂਫ ਹਨ। ਹਰ ਬੱਚਾ ਸੋਚਦਾ ਹੈ ਕਿ ਉਸ ਦਾ ਆਪਣਾ ਵੱਖਰਾ ਕਮਰਾ ਹੋਵੇ ਤੇ ਉਸ ਦੇ ਅੰਦਰ ਕਿਸੇ ਤਰ੍ਹਾਂ ਦੀ ਦਖਲ-ਅੰਦਾਜ਼ੀ ਨਾ ਹੋਵੇ। ਇਸ ਦੇ ਨਾਲ ਚੰਗੀਆਂ ਖੁਰਾਕਾਂ ਸਾਡੀ ਸੋਚ ਤੇ ਦਿਮਾਗੀ ਵਿਕਾਸ ਲਈ ਸਹਾਈ ਹੁੰਦੀਆ ਹਨ, ਪਰ ਸਾਡੇ ਬੱਚੇ ਪੀਜ਼ੇ, ਬਰਗਰ ਖਾ ਕਿ ਮੋਟੇ ਤੇ ਫੁਕਲੇ ਹੁੰਦੇ ਜਾ ਰਹੇ ਹਨ।

ਅਜਿਹੇ ਵਿੱਚ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਜੇਕਰ ਆਪਣੇ ਪਰਵਾਰ, ਸਮਾਜ ਜਾਂ ਦੇਸ ਨੂੰ ਨਰੋਇਆ ਰੱਖਣਾ ਹੈ, ਤਾਂ ਸਾਨੂੰ ਸਿੱਖਿਆ ਦੇ ਸਹੀ ਮਾਇਨੇ ਵੱਲ ਜਾਣਾ ਹੋਵੇਗਾ। ਸਿੱਖਿਆ ਸਿਰਫ ਪੈਸਾ ਕਮਾਉਣਾ ਤੇ ਸ਼ਕਤੀ ਹਾਸਲ ਕਰਨ ਦਾ ਜ਼ਰੀਆ ਨਹੀ ਹੋਣਾ ਚਾਹੀਦਾ। ਸਿੱਖਿਆ ਐਸੀ ਹੋਣੀ ਚਾਹੀਦੀ ਹੈ, ਜਿਸ ਵਿੱਚ ਸੰਸਕਾਰ ਹੋਣ, ਜੀਣ ਅਤੇ ਜਿਉਣ ਦੀ ਕਲਾ ਨੂੰ ਉਜਾਗਰ ਕਰਦੀ ਹੋਵੇ। ਇਸ ਲਈ ਸਿੱਖਿਆ ਢਾਂਚੇ ਵਿੱਚ ਤਬਦੀਲੀ ਜ਼ਰੂਰੀ ਹੈ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਭਵਿੱਖ ਨੂੰ ਸਹੀ ਸੋਚ ਨਾਲ ਜੋੜਨ, ਜੋ ਉਹਨਾਂ ਨੂੰ ਆਪਣੇ ਸੰਸਾਰਕ ਰਾਹਾਂ ਵਿੱਚ ਸਹੀ ਮਾਰਗ- ਦਰਸ਼ਨ ਕਰਨ।

ਸੰਪਰਕ : 84271-40006

ਜਾਤੀ ਪ੍ਰਥਾ ਸਨਾਤਨ ਧਰਮ ਦਾ ਕੋਹੜ

ਲੇਖਕ-ਰਾਮ ਪੁਨਿਆਨੀ
ਅਨੁ : ਐੱਮ ਐੱਸ ਭਾਟੀਆ

ਹਿੰਦੂ ਧਰਮ ਦਾ ਕੋਈ ਪੈਗੰਬਰ ਨਹੀਂ ਹੈ ਅਤੇ ਨਾ ਹੀ ਇਸ ਦੀ ਕੋਈ ਇਕ ਕਿਤਾਬ ਹੈ। ਇੱਥੋਂ ਤੱਕ ਕਿ ਹਿੰਦੂ ਧਾਰਮਿਕ ਗ੍ਰੰਥਾਂ ਵਿੱਚ ਵੀ 'ਹਿੰਦੂ' ਸਬਦ ਦੀ ਵਰਤੋਂ ਨਹੀਂ ਕੀਤੀ ਗਈ ਹੈ। ਇਸੇ ਲਈ ਵੱਖ-ਵੱਖ ਟੀਕਾਕਾਰਾਂ ਅਤੇ ਸੁਧਾਰਕਾਂ ਨੇ ਹਿੰਦੂ ਧਰਮ ਅਤੇ ਇਸ ਦੇ ਸਿਧਾਂਤਾਂ ਦੀ ਆਪੋ-ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ। ਕੁਝ ਲੋਕ ਇਸ ਨੂੰ ਧਰਮ ਕਹਿਣ ਦੀ ਬਜਾਏ ਜੀਵਨ-ਜਾਚ ਵੀ ਕਹਿੰਦੇ ਹਨ। ਸੱਚਾਈ ਇਹ ਹੈ ਕਿ ਹਿੰਦੂ ਧਰਮ ਬਹੁਤ ਸਾਰੇ ਵੰਨ-ਸੁਵੰਨੇ ਅਤੇ ਕੁਝ ਮਾਮਲਿਆਂ ਵਿੱਚ ਵਿਰੋਧੀ ਸਿਧਾਂਤਾਂ ਦਾ ਮਿਸਰਣ ਹੈ, ਜਿਸ ਨੂੰ ਮੋਟੇ ਤੌਰ 'ਤੇ ਦੋ ਪ੍ਰੰਪਰਾਵਾਂ ਵਿੱਚ ਵੰਡਿਆ ਜਾ ਸਕਦਾ ਹੈ - ਬ੍ਰਾਹਮਣਵਾਦੀ (ਵੇਦ, ਮਨੂਸਮ੍ਰਿਤੀ ਅਤੇ ਲਿੰਗ ਅਤੇ ਜਾਤੀਵਾਦ 'ਤੇ ਆਧਾਰਿਤ) ਅਤੇ ਸ੍ਰਮਣ(ਨਾਥ, ਤੰਤਰ, ਭਗਤੀ ਅਤੇ ਸਿਧਾਂਤ ਪ੍ਰੰਪਰਾਵਾਂ)।

ਸਨਾਤਨ ਧਰਮ ਦਾ ਅਰਥ ਹੈ ਕੋਈ ਵੀ ਧਰਮ ਜੋ ਸਦੀਵੀ ਹੈ, ਭਾਵ ਜੋ ਹਮੇਸ਼ਾ ਤੋਂ ਮੌਜੂਦ ਸੀ। 'ਧਰਮ' ਸ਼ਬਦ ਨੂੰ ਵੀ ਪਰਿਭਾਸ਼ਤ ਕਰਨਾ ਆਸਾਨ ਨਹੀਂ ਹੈ। ਇਸ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ, ਜਿਵੇਂ ਕਿ ਧਰਮ ਜਾਂ ਅਧਿਆਤਮਿਕ ਪ੍ਰਣਾਲੀ ਦੁਆਰਾ ਨਿਰਧਾਰਤ ਕਰਤੱਵਾਂ ਜਾਂ ਪਵਿੱਤਰ ਆਚਰਣ ਜਾਂ ਸਮਾਜਿਕ, ਨੈਤਿਕ ਅਤੇ ਅਧਿਆਤਮਿਕ ਮੁੱਲਾਂ ਦਾ ਸੰਗ੍ਰਹਿ। ਸ਼ਸ਼ੀ ਥਰੂਰ ਆਪਣੀ ਕਿਤਾਬ 'ਵਾਈ ਆਈ ਐਮ ਏ ਹਿੰਦੂ' ਵਿੱਚ ਲਿਖਦੇ ਹਨ ਕਿ 'ਧਰਮ ਉਹ ਹੈ, ਜਿਸ ਦਾ ਅਸੀਂ ਪਾਲਣ ਕਰਦੇ ਹਾਂ।'

ਇਨ੍ਹਾਂ ਗੁੰਝਲਾਂ ਨੂੰ ਇਕ ਪਾਸੇ ਰੱਖਦਿਆਂ ਅਸੀਂ ਸਿਰਫ ਇਹ ਕਹਿ ਸਕਦੇ ਹਾਂ ਕਿ ਸਨਾਤਨ ਧਰਮ ਸ਼ਬਦ ਹਿੰਦੂ ਧਰਮ ਲਈ ਵਰਤਿਆ ਗਿਆ ਹੈ, ਖਾਸ ਤੌਰ 'ਤੇ ਇਸ ਦੀ ਬ੍ਰਾਹਮਣਵਾਦੀ ਪ੍ਰੰਪਰਾ, ਜੋ ਜਾਤ ਅਤੇ ਲਿੰਗ ਦੇ ਅਧਾਰ ਤੇ ਭੇਦਭਾਵ ਨੂੰ ਉਭਾਰਦੀ ਹੈ। ਇਹੀ ਕਾਰਨ ਹੈ ਕਿ ਅੰਬੇਡਕਰ ਦਾ ਮੰਨਣਾ ਸੀ ਕਿ ਹਿੰਦੂ ਧਰਮ ਅਸਲ ਵਿੱਚ ਬ੍ਰਾਹਮਣਵਾਦੀ ਧਰਮ ਸ਼ਾਸਤਰ ਹੈ। ਹਿੰਦੂ ਧਰਮ ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦਾ ਆਧਾਰ ਹੈ, ਜੋ ਮਨੂਸਮ੍ਰਿਤੀ ਨੂੰ ਮਾਨਤਾ ਦਿੰਦਾ ਹੈ ਅਤੇ ਉਸ ਅਨੁਸਾਰ ਜਾਤ ਅਧਾਰਤ ਵਿਤਕਰੇ ਨੂੰ ਮੰਨਦਾ ਹੈ। ਇਸ ਤਰ੍ਹਾਂ ਅਜੋਕੇ ਸਮੇਂ ਵਿੱਚ ਸਨਾਤਨ ਧਰਮ ਨੂੰ ਜਾਤੀ ਆਧਾਰਤ ਵਿਤਕਰੇ ਦਾ ਹੀ ਰੂਪ ਮੰਨਿਆ ਗਿਆ ਹੈ।

ਸਾਨੂੰ ਇਸ ਪਿਛੋਕੜ ਵਿੱਚ ਸਨਾਤਨ ਧਰਮ ਦੇ ਖਾਤਮੇ ਲਈ ਉਦੈਨਿਧੀ ਸਟਾਲਿਨ (ਸਟਾਲਿਨ ਜੂਨੀਅਰ ਜਾਂ ਐੱਸ.ਜੇ.) ਦੇ ਸੱਦੇ ਨੂੰ ਸਮਝਣਾ ਹੋਵੇਗਾ। ਉਹ ਪੇਰੀਆਰ ਦੀ ਪਰੰਪਰਾ ਨੂੰ ਲੈ ਕੇ ਡਟੇ ਹੋਏ ਹਨ। ਪੇਰੀਆਰ ਨੇ ਸਵੈ-ਸਤਿਕਾਰ ਅੰਦੋਲਨ ਸ਼ੁਰੂ ਕੀਤਾ, ਜੋ ਜਾਤੀ ਸਮਾਨਤਾ ਅਤੇ ਪਿੱਤਰ ਸੱਤਾ ਦੇ ਖਾਤਮੇ 'ਤੇ ਕੇਂਦਰਤ ਸੀ। ਪੇਰੀਆਰ ਬ੍ਰਾਹਮਣਵਾਦੀ ਨਿਯਮਾਂ ਅਤੇ ਪ੍ਰਥਾਵਾਂ ਦਾ ਬੇਕਿਰਕ ਆਲੋਚਕ ਸੀ, ਜੋ ਸਮਾਜ ਵਿੱਚ ਬਹੁਤ ਭਾਰੂ ਸਨ। ਪੇਰੀਆਰ ਤੋਂ ਪਹਿਲਾਂ ਅੰਬੇਡਕਰ ਦੀ ਮੌਜੂਦਗੀ ਵਿੱਚ ਉਨ੍ਹਾਂ ਦੇ ਸਹਿਯੋਗੀ ਬਾਪੂ ਸਾਹਿਬ ਸਹਸਤ੍ਰਬੁੱਧੇ ਨੇ ਮਨੂਸਮ੍ਰਿਤੀ ਸਾੜੀ ਸੀ। ਅੰਬੇਦਕਰ ਮੁਤਾਬਕ ਮਨੂਸਮ੍ਰਿਤੀ ਜਾਤੀ ਅਸਮਾਨਤਾ ਦਾ ਮੁੱਖ ਸ੍ਰੋਤ ਹੈ।

ਉਦੈਨਿਧੀ ਨੇ ਕਿਹਾ, 'ਸਨਾਤਨ ਧਰਮ ਉਹ ਸਿਧਾਂਤ ਹੈ, ਜੋ ਲੋਕਾਂ ਨੂੰ ਜਾਤ ਅਤੇ ਧਰਮ ਦੇ ਨਾਂਅ 'ਤੇ ਵੰਡਦਾ ਹੈ।' (ਦ ਟਾਈਮਜ਼ ਆਫ ਇੰਡੀਆ, 4 ਸਤੰਬਰ 2023)।

ਉਸ ਨੇ ਉਹੀ ਗੱਲ ਦੁਹਰਾਈ ਹੈ, ਜੋ ਪੇਰੀਆਰ ਅਤੇ ਅੰਬੇਡਕਰ ਨੇ ਵੱਖੋ-ਵੱਖ ਸ਼ਬਦਾਂ ਵਿਚ ਕਹੀ ਸੀ। ਇਸ ਲਈ ਇਸ ਟਿਪਣੀ ਨੂੰ ਲੋਕਾਂ ਵੱਲੋਂ ਵੀ ਇਸੇ ਭਾਵਨਾ ਨਾਲ ਦੇਖਿਆ ਜਾ ਰਿਹਾ ਹੈ।

'ਸਨਾਤਨ ਧਰਮ' ਸ਼ਬਦ ਦੀ ਵਰਤੋਂ ਕਰਕੇ ਉਸ ਦੇ ਬਿਆਨ ਨੂੰ ਕਿਵੇਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ, ਇਹ ਭਾਜਪਾ ਦੇ ਬੁਲਾਰੇ ਅਮਿਤ ਮਾਲਵੀਆ ਦੇ ਟਵੀਟ ਤੋਂ ਸਪੱਸ਼ਟ ਹੈ। ਮਾਲਵੀਆ ਨੇ ਟਵਿੱਟਰ 'ਤੇ ਲਿਖਿਆ, 'ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੇ ਪੁੱਤਰ ਅਤੇ ਡੀ ਐੱਮ ਕੇ ਸਰਕਾਰ 'ਚ ਮੰਤਰੀ ਉਦੈਨਿਧੀ ਸਟਾਲਿਨ ਨੇ ਸਨਾਤਨ ਧਰਮ ਦੀ ਤੁਲਨਾ ਮਲੇਰੀਆ ਅਤੇ ਡੇਂਗੂ ਨਾਲ ਕੀਤੀ ਹੈ। ਸੰਖੇਪ 'ਚ ਉਹ ਕਹਿ ਰਹੇ ਹਨ ਕਿ ਭਾਰਤ ਦੀ 80 ਫੀਸਦੀ ਆਬਾਦੀ, ਜੋ ਸਨਾਤਨ ਧਰਮ ਦੀ ਪੈਰੋਕਾਰ ਹੈ, ਉਸ ਦਾ ਕਤਲੇਆਮ ਕੀਤਾ ਜਾਣਾ ਚਾਹੀਦਾ ਹੈ।'

ਇੱਥੇ ਮਾਲਵੀਆ ਨਾ ਸਿਰਫ ਐੱਸ.ਜੇ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ ਕਰ ਰਿਹਾ ਹੈ, ਸਗੋਂ ਉਹ ਇਸ ਗੱਲ ਦੀ ਪੁਸ਼ਟੀ ਵੀ ਕਰ ਰਿਹਾ ਹੈ ਕਿ ਅੱਜ ਸਨਾਤਨ ਧਰਮ ਅਤੇ ਹਿੰਦੂ ਧਰਮ ਇੱਕ-ਦੂਜੇ ਦੇ ਸਮਾਨਾਰਥਕ ਸ਼ਬਦ ਹਨ।

ਜਦੋਂ ਕਿ ਤੱਥ ਇਹ ਹੈ ਕਿ ਐੱਸ.ਜੇ ਨੇ ਜਾਤ-ਪਾਤ ਦੇ ਖਾਤਮੇ ਦੀ ਗੱਲ ਕੀਤੀ ਹੈ, ਨਾ ਕਿ ਲੋਕਾਂ ਦੇ ਖਾਤਮੇ ਦੀ। ਜਦੋਂ ਅੰਬੇਡਕਰ 'ਜਾਤ-ਪਾਤ ਦੇ ਖਾਤਮੇ' ਦੀ ਗੱਲ ਕਰਦੇ ਹਨ, ਤਾਂ ਉਹ ਇਹ ਨਹੀਂ ਕਹਿ ਰਹੇ ਹਨ ਕਿ ਹਿੰਦੂਆਂ ਦਾ ਕਤਲੇਆਮ ਕੀਤਾ ਜਾਣਾ ਚਾਹੀਦਾ ਹੈ। ਅੰਬੇਡਕਰ ਦੀ ਭਾਵਨਾ ਅਤੇ ਐੱਸ.ਜੇ ਦੀ ਇੱਛਾ ਇੱਕੋ ਹੈ। ਭਾਜਪਾ ਆਗੂ ਜਾਣਬੁੱਝ ਕੇ ਐੱਸ.ਜੇ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਅਜਿਹਾ ਇਸ ਲਈ ਹੈ, ਕਿਉਂਕਿ ਐੱਸ.ਜੇ ਦੀ ਪਾਰਟੀ ਡੀ ਐੱਮ ਕੇ ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' ਦਾ ਹਿੱਸਾ ਹੈ।

ਅਮਿਤ ਸ਼ਾਹ ਜਨਤਕ ਮੀਟਿੰਗਾਂ ਵਿੱਚ ਕਹਿ ਰਹੇ ਹਨ ਕਿ ਕਾਂਗਰਸ ਨੇ ਕਦੇ ਵੀ ਭਾਰਤੀ ਸੰਸਕ੍ਰਿਤੀ ਦਾ ਸਨਮਾਨ ਨਹੀਂ ਕੀਤਾ ਅਤੇ ਇਹ ਵੀ ਕਿ ਐੱਸ.ਜੇ ਦਾ ਸੱਦਾ ਵੀ 'ਨਫਰਤ ਵਾਲਾ ਭਾਸ਼ਣ' ਹੈ। ਸੱਚ ਤਾਂ ਇਹ ਹੈ ਕਿ ਜਾਤ-ਪਾਤ ਦੇ ਖਾਤਮੇ ਦੀ ਕਾਮਨਾ ਕਰਨਾ ਜਾਂ ਅਸਮਾਨਤਾ 'ਤੇ ਆਧਾਰਿਤ ਕਿਸੇ ਵੀ ਵਿਵਸਥਾ ਦਾ ਵਿਰੋਧ ਕਰਨਾ 'ਨਫਰਤ ਵਾਲੀ ਬੋਲੀ' ਨਹੀਂ ਹੋ ਸਕਦੀ। ਜਦੋਂ ਗਾਂਧੀ ਜੀ ਦੇਸ਼ ਨੂੰ ਇਕਜੁੱਟ ਕਰਨ ਅਤੇ ਛੂਤ-ਛਾਤ ਦੀ ਪ੍ਰਥਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਉਨ੍ਹਾਂ ਆਪਣੇ ਆਪ ਨੂੰ ਸਨਾਤਨ ਧਰਮ ਅਤੇ ਹਿੰਦੂ ਧਰਮ ਦਾ ਪੈਰੋਕਾਰ ਦੱਸਿਆ। 1932 ਤੋਂ ਬਾਅਦ ਕੁਝ ਸਾਲਾਂ ਤੱਕ ਗਾਂਧੀ ਜੀ ਦਾ ਜ਼ੋਰ ਛੂਤ-ਛਾਤ ਦੇ ਖਾਤਮੇ ਅਤੇ ਮੰਦਰਾਂ ਵਿੱਚ ਦਲਿਤਾਂ ਦੇ ਦਾਖਲੇ 'ਤੇ ਰਿਹਾ। ਅਤੀਤ ਵਿੱਚ ਬੁੱਧ ਅਤੇ ਜੈਨ ਧਰਮ ਨੂੰ ਵੀ ਸਨਾਤਨ ਕਿਹਾ ਜਾਂਦਾ ਸੀ। ਅੱਜ ਬ੍ਰਾਹਮਣਵਾਦ ਨੂੰ ਰਾਸ਼ਟਰਵਾਦ ਨਾਲ ਜੋੜਨ ਵਾਲੀ ਆਰ ਐੱਸ ਐੱਸ ਹਿੰਦੂ ਧਰਮ ਲਈ ਸਨਾਤਨ ਸ਼ਬਦ ਦੀ ਵਰਤੋਂ ਦਾ ਪ੍ਰਚਾਰ ਕਰ ਰਹੀ ਹੈ। ਇਹੀ ਕਾਰਨ ਹੈ ਕਿ ਐੱਸ ਜੇ ਨੂੰ ਜਾਤ-ਪਾਤ ਪ੍ਰਥਾ ਦੇ ਕਰੂਰ ਰੂਪ ਲਈ ਏਨੇ ਸਖਤ ਸ਼ਬਦਾਂ ਦੀ ਵਰਤੋਂ ਕਰਨੀ ਪਈ।

ਭਾਜਪਾ ਆਗੂ ਅਤੇ ਬੁਲਾਰੇ ਉਦੈਨਿਧੀ ਦੇ ਬਿਆਨ ਦੇ ਬਹਾਨੇ ਕਾਂਗਰਸ ਅਤੇ ਇੰਡੀਆ 'ਤੇ ਬਿਨਾਂ ਕਿਸੇ ਆਧਾਰ ਦੇ ਹਮਲੇ ਕਰ ਰ

21-SEP-PAGE-5.qxd 9/20/2023 10:31 PM Page 1

ਨਹਿਰੀ ਪਾਣੀ ਪ੍ਰਾਪਤ ਕਰਨ ਲਈ ਮੁੱਖ ਮੰਤਰੀ ਦਫ਼ਤਰ ਅੱਗੇ ਪੱਕਾ ਮੋਰਚਾ ਸ਼ੁਰੂ

ਧੂਰੀ, (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ) ਮੁੱਖ ਮੰਤਰੀ ਭਗਵੰਤ ਮਾਨ ਦੇ ਵਿਧਾਨ ਸਭਾ ਹਲਕਾ ਧੂਰੀ, ਮਾਲੇਰਕੋਟਲਾ, ਅਮਰਗੜ੍ਹ ਅਤੇ ਮਹਿਲ ਕਲਾਂ ਦੇ ਨਹਿਰੀ ਪਾਣੀ ਤੋਂ ਵਿਹੂਣੇ 70 ਪਿੰਡਾਂ ਦੇ ਲੋਕ ਪਿਛਲੇ ਕਰੀਬ ਇੱਕ ਸਾਲ ਤੋਂ ਨਹਿਰੀ ਪਾਣੀ ਦੀ ਮੰਗ ਕਰ ਰਹੇ ਹਨ ਪਰ ਉਨ੍ਹਾਂ ਦੀ ਮੰਗ ਨੂੰ ਬੂਰ ਨਾ ਪੈਣ ਤੇ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਦੇ ਬੈਨਰ ਹੇਠ ਇਲਾਕੇ ਦੇ ਲੋਕਾਂ ਵੱਲੋਂ ਮੁੱਖ ਮੰਤਰੀ ਦਫ਼ਤਰ ਧੂਰੀ ਅੱਗੇ ਟ੍ਰੈਕਟਰ ਟਰਾਲੀਆਂ ਲਾ ਕੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਹੈ।

ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸ਼ਾ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕੁਲਵਿੰਦਰ ਸਿੰਘ ਭੂਦਨ, ਬੀਕੇਯੂ ਕਾਦੀਆਂ ਦੇ ਆਗੂ ਗੁਰਮੁੱਖ ਸਿੰਘ, ਬੀਕੇਯੂ ਲੱਖੋਵਾਲ ਦੇ ਆਗੂ ਨਿਰਮਲ ਸਿੰਘ ਘਨੌਰ ਨੇ ਦੱਸਿਆ ਕਿ ਹਰੀ ਕ੍ਰਾਂਤੀ ਦੇ ਨਾਂ ਹੇਠ ਲਿਆਂਦੇ ਰਸਾਇਣਕ ਖੇਤੀ ਮਾਡਲ ਵਿੱਚ ਪਾਣੀ ਦੀ ਬਹੁਤ ਜਿਆਦਾ ਖਪਤ ਹੈ। ਪੰਜਾਬ ਦੇ ਦਰਿਆਈ ਪਾਣੀ ਦਾ ਵੱਡਾ ਹਿੱਸਾ ਗੈਰ ਰਾਇਪੇਰੀਅਨ ਸੂਬਿਆਂ ਨੂੰ ਜਾਣ ਕਾਰਨ ਪੰਜਾਬ ਦੀਆਂ ਖੇਤੀ ਜ਼ਰੂਰਤਾਂ ਲਈ ਪਾਣੀ ਟਿਊਬਵੈਲਾਂ ਰਾਹੀਂ ਲਗਾਤਾਰ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ, ਜਿਸ ਕਾਰਨ ਹੁਣ ਬਹੁਤ ਸਾਰੇ ਇਲਾਕਿਆਂ ਵਿੱਚ ਪਾਣੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ।ਸੰਗਰੂਰ ਲੋਕ ਸਭਾ ਹਲਕੇ ਦੇ ਕਰੀਬ 70 ਪਿੰਡ ਨਹਿਰੀ ਪਾਣੀ ਤੋਂ ਬਿਲਕੁਲ ਵਾਂਝੇ ਹਨ ਅਤੇ ਜਿਹੜੇ ਇਲਾਕਿਆਂ ਵਿੱਚ ਪਾਣੀ ਲੱਗਦਾ ਹੈ ਉੱਥੇ ਪੂਰੀ ਮਾਤਰਾ ਵਿੱਚ ਨਹੀਂ ਮਿਲ ਰਿਹਾ, ਜਿਵੇਂ ਕੋਟਲਾ ਬ੍ਰਾਂਚ ਵਿੱਚੋਂ ਨਿਕਲਦੇ ਲੋਂਗੋਵਾਲ ਮਾਇਨਰ ਦੀ ਰੀਲਾਈਨਿੰਗ ਕਰਨ ਦੀ ਲੋਕ ਮੰਗ ਕਰ ਰਹੇ ਹਨ ਤੇ ਇਸੇ ਨਹਿਰ ਵਿਚੋਂ ਨਿਕਲਦੇ ਸ਼ੇਰੋਂ ਰਜਵਾਹੇ ਦੇ ਕੱਚੇ ਹਿੱਸੇ ਨੂੰ ਪੱਕਾ ਕਰਕੇ ਪਾਣੀ ਪੂਰਾ ਕਰਨ ਦੀ ਮੰਗ ਪਿਛਲੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ, ਦੇਸ਼ ਵੰਡ ਪਿੱਛੋਂ ਪਾਕਿਸਤਾਨ ਵਿਚੋਂ ਉਜੜ ਕੇ ਵਸੇ ਪਿੰਡ ਢੱਡਰੀਆਂ, ਰੱਤੋਕੇ, ਸਾਹੋਕੇ, ਤੱਕੀਪੁਰ ਦੇ ਲੋਕ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਸੇਮ ਤੋਂ ਪਹਿਲਾਂ ਦਾ ਪਾਣੀ ਬਹਾਲ ਕੀਤਾ ਜਾਵੇ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਨਹਿਰੀ ਖਾਲਿਆਂ ਤੇ ਪਾਇਪਲਾਈਨਾਂ ਦੇ ਕੰਮ ਅਧੂਰੇ ਪਏ ਹਨ। ਮੰਗਾਂ 'ਤੇ ਪਿਛਲੇ ਇੱਕ ਸਾਲ ਤੋਂ ਮੁਹਿੰਮ ਚੱਲ ਰਹੀ ਹੈ ਪਰ ਸਰਕਾਰ ਨੇ ਕੋਈ ਠੋਸ ਹੱਲ ਨਹੀਂ ਕੀਤਾ। ਇਸ ਕਰਕੇ ਅੱਜ ਮੁੱਖ ਮੰਤਰੀ ਦਫ਼ਤਰ ਧੂਰੀ ਅੱਗੇ ਪੱਕਾ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਿਆ। ਕਿਸਾਨਾਂ ਵੱਲੋਂ ਆਪਣੀਆਂ ਟਰਾਲੀਆਂ ਵਿੱਚ ਦਿੱਲੀ ਮੋਰਚੇ ਦੀ ਤਰਾਂ ਰੈਣ ਬਸੇਰੇ ਬਣਾਏ ਗਏ ਹਨ ਤੇ ਲੰਗਰ ਲਈ ਰਸਦ ਪਾਣੀ ਵੀ ਕਿਸਾਨ ਨਾਲ ਲੈ ਕੇ ਆਏ ਹਨ। ਕਿਸਾਨਾਂ ਵਿਚ ਸਰਕਾਰ ਪ੍ਰਤੀ ਭਾਰੀ ਰੋਸ ਹੈ ਜੇਕਰ ਮਸਲੇ ਦਾ ਹੱਲ ਨਹੀਂ ਹੁੰਦਾ ਤਾਂ ਮੋਰਚਾ ਅਣਮਿੱਥੇ ਸਮੇਂ ਲਈ ਚੱਲੇਗਾ।

ਪੱਲੇਦਾਰ ਯੂਨੀਅਨ ਵੱਲੋਂ ਸੰਘਰਸ਼ ਤਿੱਖਾ ਕਰਨ ਦਾ ਐਲਾਨ

ਲੁਧਿਆਣਾ (ਗੁਰਮੇਲ ਮੈਡਲੇ) ਪੰਜਾਬ ਪੱਲੇਦਾਰ ਯੂਨੀਅਨ ਪੰਜਾਬ ਦੀ ਅਗਜੈਕਟਿਵ ਕਮੇਟੀ ਦੀ ਮੀਟਿੰਗ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਜਨਰਲ ਸਕੱਤਰ ਰਣਜੀਤ ਸਿੰਘ ਕਲਿਆਣ ਨੇ ਆਖਿਆ ਕਿ ਅਸੀਂ ਪੰਜਾਬ ਦੀਆਂ ਫੂਡ ਏਜੰਸੀਆਂ ਅੰਦਰ ਲਗਭਗ 35-40 ਤੋਂ ਕੰਮ ਕਰਦੇ ਆ ਰਹੇ ਹਾਂ, ਸਮੇਂ ਦੀਆਂ ਅਕਾਲੀ ਅਤੇ ਕਾਂਗਰਸ ਸਰਕਾਰਾਂ ਦੇ ਖਿਲਾਫ ਵੱਡੇ ਪੱਧਰ 'ਤੇ ਸੰਘਰਸ਼ ਕਮੇਟੀਆਂ ਬਣਾ ਕੇ ਸੰਘਰਸ਼ ਕੀਤੇ, ਪਰ ਸਰਕਾਰ ਨੇ ਲਾਰਿਆਂ ਤੋਂ ਸਿਵਾਏ ਕੁਝ ਪੱਲੇ ਨਹੀਂ ਪਾਇਆ, ਸਗੋਂ ਆਪਣੇ ਚਹੇਤੇ ਠੇਕੇਦਾਰਾਂ ਨੂੰ ਟੈਂਡਰ ਦੇ ਕੇ ਪੱਲੇਦਾਰਾਂ ਦਾ ਵੱਡੇ ਪੱਧਰ 'ਤੇ ਸੋਸ਼ਣ ਕੀਤਾ। ਇਨ੍ਹਾਂ ਸਰਕਾਰਾਂ ਤੋਂ ਅੱਕ ਕੇ ਝਾੜੂ ਦੀ ਸਰਕਾਰ ਲਿਆਂਦੀ, ਜਿਸ ਤੋਂ ਸਾਨੂੰ ਬਹੁਤ ਆਸਾਂ ਸਨ, ਪਰ ਇਨ੍ਹਾਂ ਨਾਲ ਬਣੀ ਸੰਘਰਸ਼ ਕਮੇਟੀ 14-15 ਮੀਟਿੰਗਾਂ ਲੈ ਚੁੱਕੀ ਸੀ, ਜਿਸਦਾ ਕੋਈ ਸਿੱਟਾ ਨਾ ਨਿਕਲਦਾ ਦੇਖ 10-09-2023 ਨੂੰ ਸੀ.ਐਮ. ਮਾਨ ਦੀ ਸੰਗਰੂਰ ਵਾਲੀ ਕੋਠੀ ਦਾ ਘਿਰਾਓ ਕੀਤਾ, ਜਿਸ 'ਤੇ ਪੰਜਾਬ ਸਰਕਾਰ ਨੇ ਤਿੰਨ ਮੈਂਬਰੀ ਕਮੇਟੀ ਮੰਤਰੀਆਂ ਦੀ ਬਣਾਈ ਹੈ, ਜਿਸ ਦੀ ਮੀਟਿੰਗ 29 ਸਤੰਬਰ ਨੂੰ ਪੰਜਾਬ ਭਵਨ ਚੰਡੀਗੜ੍ਹ ਰੱਖੀ ਗਈ ਹੈ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਅੰਦਰ ਮਜ਼ਦੂਰਾਂ ਦਾ ਸੋਸ਼ਣ ਹੋ ਰਿਹਾ। ਬਹੁਤ ਡਿਪੂਆਂ ਅੰਦਰ ਅੱਜ ਵੀ ਮਜ਼ਦੂਰ ਨੂੰ ਚੌਲਾਂ ਦੀ ਸਟੌਕ ਨਹੀਂ ਮਿਲਦੀ ਤੇ ਨਾ ਪੂਰਾ ਈ.ਪੀ.ਐਫ. ਭਰਿਆ ਜਾਂਦਾ ਹੈ। ਇਸ ਲਈ ਠੇਕੇਦਾਰੀ ਸਿਸਟਮ ਖਤਮ ਕਰਕੇ ਮਜ਼ਦੂਰਾਂ ਨੂੰ ਸਿੱਧੀ ਪੇਮੈਂਟ ਦਿੱਤੀ ਜਾਵੇ। ਜੇਕਰ ਸਰਕਾਰ ਇਸ ਮੀਟਿੰਗ ਵਿਚ ਵੀ ਕੋਈ ਹੱਲ ਨਹੀਂ ਕੱਢਦੀ ਤਾਂ ਹਰ ਪੱਲੇਦਾਰ ਅਗਲਾ ਸੰਘਰਸ਼ ਲੜਨ ਲਈ ਤਿਆਰ ਰਹਿਣ।

ਕਾਰ-ਮੋਟਰਸਾਇਕਲ ਦੀ ਟੱਕਰ 'ਚ ਇੱਕ ਮੌਤ, ਕਾਰ ਚਾਲਕ ਖਿਲਾਫ ਪਰਚਾ ਦਰਜ

ਜਲਾਲਾਬਾਦ, (ਜੀਤ ਕੁਮਾਰ) ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਕਾਰ ਤੇ ਮੋਟਰ ਸਾਇਕਲ ਦੀ ਟੱਕਰ ਹੋਣ ਨਾਲ ਵਾਪਰੇ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋਣ ਦੇ ਸਬੰਧ ਵਿਚ ਇਕ ਵਿਅਕਤੀ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਕੁਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸੋਹਨਗੜ੍ਹ ਰੱਤੇਵਾਲਾ ਨੇ ਪੁਲਸ ਕੋਲ ਬਿਆਨ ਲਿਖਾਏ ਹਨ ਕਿ ਉਹ ਆਪਣੀ ਭੈਣ ਕੋਲੋਂ ਹਜਾਰਾ ਰਾਮ ਸਿੰਘ ਵਾਲਾ ਤੋਂ ਆਪਣੇ ਪਿਤਾ ਸੁਰਜੀਤ ਸਿੰਘ ਨਾਲ ਦੋ ਵੱਖ-ਵੱਖ ਮੋਟਰ ਸਾਇਕਲ 'ਤੇ ਸਵਾਰ ਹੋ ਕੇ ਆਪਣੇ ਘਰ ਨੂੰ ਜਾ ਰਹੇ ਸੀ ਅਤੇ ਰਸਤੇ ਵਿਚ ਜਲਾਲਾਬਾਦ-ਸ਼੍ਰੀ ਮੁਕਤਸਰ ਰੋਡ 'ਤੇ ਸਤਿਸੰਗ ਘਰ ਚੱਕ ਸੈਦੋਕੇ ਦੇ ਕੋਲ ਪੁੱਜੇ ਤਾਂ ਜਦੋਂ ਮੇਰਾ ਪਿਤਾ ਮੇਰੇ ਤੋਂ ਅੱਗੇ ਪਲਟੀਨਾ ਮੋਟਰ ਸਾਇਕਲ ਜਾ ਰਿਹਾ ਸੀ, ਜਿਸ ਵਿਚ ਜਲਾਲਾਬਾਦ ਵਾਲੀ ਸਾਈਡ ਤੋਂ ਇਕ ਕਾਰ ਬਰੀਜਾ ਨੰਬਰ ਪੀਬੀ-11-ਡੀਡੀ-3804, ਜਿਸਨੂੰ ਅਣਪਛਾਤਾ ਵਿਅਕਤੀ ਬੜੀ ਤੇਜ ਰਫਤਾਰ ਅਤੇ ਲਾਪ੍ਰਵਾਹੀ ਦੇ ਨਾਲ ਚਲਾ ਕੇ ਮੇਰੇ ਪਿਤਾ ਦੇ ਮੋਟਰ ਸਾਇਕਲ ਵਿਚ ਮਾਰ ਦਿੱਤੀ, ਜਿਸ ਤੇ ਮੇਰੇ ਪਿਤਾ ਦੇ ਸਿਰ ਵਿਚ ਸੱਟਾ ਲੱਗਣ ਕਾਰਨ ਉਸਦੀ ਮੌਕੇ 'ਤੇ ਮੌਤ ਹੋ ਗਈ। ਪੁਲਸ ਨੇ ਅਣਪਛਾਤੇ ਡਰਾਇਵਰ ਦੇ ਖਿਲਾਫ ਧਾਰਾ 304-ਏ,279,427 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਮਾਈਕਰੋ ਫਾਇਨਾਂਸ ਕੰਪਨੀਆਂ ਹੱਥੋਂ ਖੇਤ ਮਜ਼ਦੂਰਾਂ ਦੀ ਲੁੱਟ ਬੰਦ ਕਰਾਈ ਜਾਵੇ : ਗੁਰਨਾਮ ਸਿੰਘ

ਫ਼ਰੀਦਕੋਟ, (ਪੱਤਰ ਪ੍ਰੇਰਕ) ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਪਿੰਡ ਦੀਪ ਸਿੰਘ ਵਾਲਾ ਵਿਖੇ ਜਥੇਬੰਦੀ ਦੀ ਭਰਵੀਂ ਮੀਟਿੰਗ ਕੀਤੀ ਗਈ, ਜਿਸ ਨੂੰ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਮਚਾਕੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰਾਂ ਦੀਆਂ ਗ਼ਰੀਬ ਵਿਰੋਧੀ ਨੀਤੀਆਂ ਕਾਰਨ ਖੇਤ ਮਜ਼ਦੂਰ ਬਹੁਤ ਤਰਸਯੋਗ ਹਾਲਤ ਵਿੱਚ ਗੁਜ਼ਰ ਬਸਰ ਕਰਨ ਲਈ ਮਜ਼ਬੂਰ ਹਨ। ਘਰੇਲੂ ਲੋੜਾਂ ਕਾਰਨ ਉਹ ਮਾਈਕ੍ਰੋ ਫਾਈਨੈਂਸ ਕੰਪਨੀਆਂ ਦੇ ਕਰਜ਼ੇ ਦੇ ਜਾਲ ਵਿੱਚ ਬੁਰੀ ਤਰ੍ਹਾਂ ਜਕੜੇ ਜਾ ਰਹੇ ਹਨ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਖੇਤ ਮਜ਼ਦੂਰਾਂ ਨੂੰ ਕੋਆਪਰੇਟਿਵ ਸੋਸਾਇਟੀਆਂ ਰਾਹੀਂ ਬਿਨਾਂ ਵਿਆਜ ਕਰਜ਼ੇ ਦੀ ਸਹੂਲਤ ਦੇਵੇ ਤਾਂ ਜੁ ਉਨ੍ਹਾਂ ਨੂੰ ਮਕਾਨ ਉਸਾਰੀ ਜਾਂ ਹੋਰ ਘਰੇਲੂ ਲੋੜਾਂ ਲਈ ਸੂਦਖੋਰ ਫਾਇਨਾਂਸ ਕੰਪਨੀਆਂ ਦੇ ਜਾਲ ਵਿੱਚ ਫਸ ਕੇ ਖੁਦਕੁਸ਼ੀਆਂ ਲਈ ਮਜਬੂਰ ਨਾ ਹੋਣਾ ਪਵੇ।

ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਦਿਹਾਤੀ ਕਿਰਤੀ ਵਰਗ ਦੀ ਬੇਹਤਰੀ ਬਿਨਾਂ ਖੁਸ਼ਹਾਲ ਸਮਾਜ ਦਾ ਸੁਪਨਾ ਲੈਣਾ ਵੀ ਵਿਅਰਥ ਹੈ। ਉਨ੍ਹਾਂ ਨੇ ਨਰੇਗਾ ਮਜ਼ਦੂਰੀ 700 ਰੁਪਏ ਕਰਨ ਤੇ ਸਾਲ ਵਿਚ 200 ਦਿਨ ਕੰਮ ਦੇਣ ਦੀ ਮੰਗ ਵੀ ਰੱਖੀ। ਇੱਕ ਮਤਾ ਪਾਸ ਕਰਕੇ ਪਿਛਲੇ ਦਿਨੀਂ ਪਿੰਡ ਵਿੱਚ ਮਜ਼ਦੂਰਾਂ ਦੇ ਹੀ ਦੋ ਧੜਿਆਂ ਦਰਮਿਆਨ ਹੋਏ ਝਗੜੇ 'ਤੇ ਚਿੰਤਾ ਤੇ ਅਫ਼ਸੋਸ ਜ਼ਾਹਰ ਕਰਦੇ ਹੋਏ ਪਿੰਡ ਵਾਸੀਆਂ ਨੂੰ ਆਪਣੀ ਏਕਤਾ ਬਣਾ ਕੇ ਰੱਖਣ ਦੀ ਅਪੀਲ ਕੀਤੀ ਗਈ।

ਕਾਤਰਾਂ

ਠੁੱਲੀਵਾਲ ਪੁਲਸ ਵੱਲੋਂ 20 ਪੇਟੀਆਂ ਨਜਾਇਜ਼ ਸ਼ਰਾਬ ਬਰਾਮਦ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)- ਥਾਣਾ ਠੁੱਲੀਵਾਲ ਪੁਲਿਸ ਦੋ ਵਿਅਕਤੀਆਂ ਤੇ ਨਜਾਇਜ਼ ਸ਼ਰਾਬ ਵੇਚਣ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰਕੇ ਇੱਕ ਵਿਅਕਤੀ ਤੋਂ 20 ਪੇਟੀਆਂ ਨਜਾਇਜ਼ ਠੇਕਾ ਦੇਸੀ ਸ਼ਰਾਬ ਬਰਾਮਦ ਕਰਾਏ ਜਾਣ ਦੀ ਖਬਰ ਮਿਲੀ ਹੈ। ਥਾਣਾ ਮੁਖੀ ਬਲਦੇਵ ਸਿੰਘ ਮਾਨ, ਸਹਾਇਕ ਥਾਣੇਦਾਰ ਮਨਜੀਤ ਸਿੰਘ ਦੱਸਿਆ ਕਿ ਸੂਚਨਾ ਮਿਲੀ ਕਿ ਕਾਰ ਸਵਾਰ ਅਮਨਦੀਪ ਸਿੰਘ ਵਾਸੀ ਈਨਾ ਬਾਜਵਾ, ਗੁਰਦੀਪ ਸਿੰਘ ਉਰਫ ਲੰਬੂ ਵਾਸੀ ਖੇੜੀ ਚਹਿਲਾਂ ਹਾਲ ਆਬਾਦ ਸ਼ੇਰਪੁਰ ਚਿੱਟੇ ਰੰਗ ਦੀ ਕਾਰ ਉਪਰ ਸਵਾਰ ਜੋ ਬਾਹਰੋਂ ਲਿਆ ਕੇ ਸਰਾਬ ਵੇਚਣ ਦਾ ਧੰਦਾ ਕਰਦੇ ਹਨ। ਮਲੇਰਕੋਟਲਾ ਸਾਇਡ ਤੋਂ ਠੁੱਲੀਵਾਲ ਇਲਾਕੇ 'ਚ ਸ਼ਰਾਬ ਵੇਚਣ ਆ ਰਹੇ ਹਨ, ਜਿਸ 'ਤੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। ਦੋਸ਼ੀ ਅਜਨਦੀਪ ਸਿੰਘ ਵਾਸੀ ਈਨਾ ਬਾਜਵਾ ਮੌਕੇ 'ਤੇ ਕਾਬੂ ਕੀਤਾ ਗਿਆ, ਜਦੋਂਕਿ ਦੂਜਾ ਦੋਸ਼ੀ ਗੁਰਦੀਪ ਸਿੰਘ ਲੰਬੂ ਖੇੜੀ ਚਹਿਲਾਂ ਹਾਲ ਸਿਟੀ ਕਲੋਨੀ ਸ਼ੇਰਪੁਰ ਮੌਕੇ ਤੋਂ ਭੱਜਣ 'ਚ ਸਫ਼ਲ ਹੋ ਗਿਆ। ਦੋਸ਼ੀ ਅਜਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਕੇ 15 ਪੇਟੀਆਂ ਸਰਾਬ ਠੇਕਾ ਦੇਸੀ ਮਾਰਕਾ ਹੀਰ ਅਤੇ 5 ਪੇਟੀਆਂ ਸ਼ਰਾਬ ਠੇਕਾ ਦੇਸ਼ੀ ਜਲਵਾ ਮਾਰਕਾ ਬਰਾਮਦ ਕਰਾਈਆਂ।

ਭਾਰਤੀ ਕਿਸਾਨ ਯੂਨੀਅਨ ਪੰਜਾਬ ਖੋਸਾ ਦੇ ਅਹੁਦੇਦਾਰਾਂ ਨੇ ਮੰਗ ਪੱਤਰ ਸੌਂਪਿਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਭਾਰਤੀ ਕਿਸਾਨ ਯੂਨੀਅਨ ਪੰਜਾਬ ਖੋਸਾ ਦਲ ਦੇ ਵਫ਼ਦ ਨੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਡੀ.ਸੀ ਫ਼ਿਰੋਜ਼ਪੁਰ ਨੂੰ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ। ਯੂਨੀਅਨ ਆਗੂਆਂ ਨੇ ਕਿਹਾ ਕਿ ਜਦੋਂ ਸਾਲ 2023 ਵਿੱਚ ਕਣਕ ਪੱਕ ਚੁੱਕੀ ਹੈ ਤਾਂ ਕੁਦਰਤੀ ਆਫ਼ਤ ਗੜ੍ਹੇਮਾਰੀ ਕਾਰਨ ਭਾਰੀ ਨੁਕਸਾਨ ਹੋਇਆ ਹੈ, ਜਿਸ ਤੋਂ ਬਾਅਦ ਨੁਕਸਾਨੀਆਂ ਫ਼ਸਲਾਂ ਦੀ ਗਿਰਦਾਵਰੀ ਕਰਾ ਦਿੱਤੀ ਗਈ ਹੈ ਅਤੇ ਪੰਜਾਬ ਸਰਕਾਰ ਵੱਲੋਂ ਨੁਕਸਾਨ ਦਾ ਮੁਆਵਜ਼ਾ ਵੀ ਜਾਰੀ ਕਰ ਦਿੱਤਾ ਗਿਆ ਹੈ, ਪਰ ਅਜੇ ਤੱਕ ਛੋਟੇ ਕਿਸਾਨਾਂ ਨੂੰ ਉਕਤ ਮੁਆਵਜ਼ਾ ਨਹੀਂ ਦਿੱਤਾ ਗਿਆ।ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਖਰਾਬ ਹੋਈ ਕਣਕ ਦੀ ਫਸਲ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ ਤੇ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਗੁਰਦੇਵ ਸਿੰਘ, ਚਰਨਜੀਤ ਸਿੰਘ, ਗੁਰਨਾਮ ਸਿੰਘ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਸੁਖਚੈਨ ਸਿੰਘ ਤੇ ਗੁਰਜੀਤ ਸਿੰਘ ਆਦਿ ਹਾਜ਼ਰ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ (ਦੀ ਮੀਟਿੰਗ 24 ਨੂੰ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ) ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਆਗੂ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਸੀਨੀਅਰ ਵਾਈਸ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਮੁੱਖ ਜਥੇਬੰਦਕ ਸਕੱਤਰ, ਅਵਤਾਰ ਸਿੰਘ ਤਾਰੀ ਐਡੀਸ਼ਨਲ ਜਨਰਲ ਸਕੱਤਰ ਸਤਿਆਪਾਲ ਗੁਪਤਾ ਤੇ ਦਰਸ਼ਨ ਸਿੰਘ ਥਰੀਕੇ ਨੇ ਕਿਹਾ ਕਿ ਸੂਬਾ ਕਮੇਟੀ ਮੀਟਿੰਗ ਹੁਣ 24 ਸਤੰਬਰ ਨੂੰ 10 ਵਜੇ ਜਸਵੰਤ ਸਿੰਘ ਸਮਰਾ ਭਵਨ ਜਲੰਧਰ ਵਿਖੇ ਹੋਵੇਗੀ।

ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ

ਜਲਾਲਾਬਾਦ, (ਜੀਤ ਕੁਮਾਰ) ਸਮਾਜ ਸੇਵੀ ਸੰਸਥਾ ਅਰੋੜਵੰਸ਼ ਸਭਾ (ਰਜਿ.) ਵੱਲੋਂ ਸਭਾ ਦੇ ਪ੍ਰਧਾਨ ਖਰੈਤੀ ਲਾਲ ਮੋਂਗਾ ਦੀ ਅਗੁਵਾਈ ਹੇਠ ਲਾਲਾ ਰਾਮ ਪ੍ਰਕਾਸ਼ ਅਨੇਜਾ ਪਰਸਵਾਰਥ ਸਭਾ (ਸਕੂਲ) ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ ਹੈ। ਇਸ ਮੌਕੇ ਪ੍ਰਧਾਨ ਖਰੈਤੀ ਲਾਲ ਮੋਂਗਾ, ਕਵਿੰਦਰ ਭਠੇਜਾ, ਜਸ ਰਾਜ ਭਠੇਜਾ ਸੈਕਟਰੀ, ਰਾਜੇਸ਼ ਛਾਬੜਾ ਖਜਾਨਚੀ, ਰਮੇਸ਼ ਕੁਮਾਰ ਵਧਵਾ, ਰਾਜ ਕੁਮਾਰ ਸਿਡਾਨਾ, ਗੁ

page-6-20-(SEP)-2023-G-(BV).qxd 9/20/2023 10:41 PM Page 1

ਛੱਪੜ ਦੀ ਬੋਲੀ

ਪਿੰਡ ਰਾਉਂਦ ਕਲਾਂ ਵਿਖੇ ਛੱਪੜ ਦੀ ਬੋਲੀ 27 ਸਤੰਬਰ 2023 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਪੀਰ ਵਾਲੀ ਜਗ੍ਹਾ ਵਿਖੇ ਰੱਖੀ ਗਈ ਹੈ। ਚਾਹਵਾਨ ਸਹਿਬਾਨ ਨੋਟ ਕਰਨ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਵੱਲੋਂ : ਸਰਪੰਚ ਸੁਖਦੇਵ ਸਿੰਘ,
ਗ੍ਰਾਮ ਪੰਚਾਇਤ ਰਿਉਂਦ ਕਲਾਂ (ਮਾਨਸਾ)
ਮੋਬਾਇਲ 95015-23518

COURT NOTICE

In the Court of
Rahul Kumar
Sub Divisional Magistrate,
Bholath, Kapurthala.
CNR No. PBKPC1-000202-2023
NACT/28/2023
Next Date : 30.10.2023
Narinder Pal Singh
Versus
Pankaj Kumar

Detail of offence : 138 Negotiable Instruments Act

Notice to : Pankaj Kumar S/o Kuldeep Rai R/o H.No. 653, Hira Enclave, Bora Gate, Nabha, Distt. Patiala.

In above titled case, the accused could not be served. It is ordered that accused should appear in person or through counsel on 30.10.2023 at 10.00 a.m.

For details logon to https://highcourtchd.gov.in/?trs=district notice & district=Kapurthala

Sub Divisional Judicial Magistrate, Bholath, Kapurthala.
Dated, this day of 6.9.2023

COURT NOTICE

In the Court of
Ms. Divya Sharma
Judicial Magistrate-Ist Class, Ludhiana.

Next Date, Purpose of Case, Orders and Judgments as well as other case information is available on http://ecourts.gov.in

CNR No. PBLD03-010551-2019
Next Date : 26.10.23
Cholamandalam Investment and Finance Company Ltd.
Versus
Gurmeet Singh

Publication issued to : Gurmeet Singh Address R/o Near Ventry Hospital Bhagi Ke, Moga.

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 26.10.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

COURT NOTICE

In the Court of
Ms. Vibha Rana
Civil Judge (Junior Division), Ludhiana.
CNR No. PBLD02-006368-2022
Next Date : 2.11.2023
Amarjit Kaur
Versus
Bodh Singh

Suit for Permanent Injunction

Publication issued to : 1. Bodh Singh 2. Sheela W/o Bodh Singh 3. Bawan S/o Bodh Singh 4. Priya D/o Bodh Singh All R/o H.No. 171, First Floor, Street No. 1, Harjap Nagar, 33 Futta Road, Chandigarh Road, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.11.2023 at 10.00 a.m.

For details logon to https://highcourtchd.gov.in/?trs=district notice & district=Ludhiana

Civil Judge (Junior Division), Ludhiana.
Dated, this day of 14.9.2023

COURT NOTICE

In the Court of
Sh. Bagicha Singh
Civil Judge (Senior Division), Tarn Taran.

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-000246-2023
Next Date : 17.10.2023
Punjab National Bank
Versus
Satpal Singh

Publication issued to : 1. Ranjit Kaur Spouse : Gurlal Singh R/o Near J.J. Model School, Drama Wali Gali, Sultanwind Road, Amritsar 2. Namanpreet Kaur minor daughter of Late Sh. Gurpal Singh S/o Late S. Mohan Singh through her mother Ranjit Kaur D/o Gurmit Singh R/o Near J.J. Model School, Drama Wali Gali, Sultanwind Road, Amritsar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 17.10.2023 at 10.00 a.m.

For details logon to https://highcourtchd.gov.in/?trs=district notice & district=Tarn Taran

Civil Judge (Senior Division), Tarn Taran.
Dated, this day of 19.9.2023

COURT NOTICE

In the Court of
Ms. Divya Sharma
Judicial Magistrate-Ist Class, Ludhiana.

Next Date, Purpose of Case, Orders and Judgments as well as other case information is available on http://ecourts.gov.in

CNR No. PBLD03-050669-2020
Next Date : 6.11.2023
Findoc Finvest Private Limited
Versus
Harjeet Kaur

Publication issued to : Harjeet Kaur W/o S. Kulwant Singh R/o H.No. 7 A, Vill. Shaina, Tehsil Tapa, Distt. Barnala-148103 Pb.

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 6.11.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

COURT NOTICE

In the Court of
Ms. Divya Sharma
Judicial Magistrate-Ist Class, Ludhiana.

Next Date, Purpose of Case, Orders and Judgments as well as other case information is available on http://ecourts.gov.in

CNR No. PBLD03-026929-2019
Next Date : 26.10.2023
ICICI Bank Limited
Versus
Abhishek Kumar

Publication issued to : Abhishek Kumar S/o Ramesh Chand R/o H.No. 1672, Phase 2, Drum Wala Chowk, Dugri, Basant Avenue, Ludhiana.

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 26.10.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

COURT NOTICE

In the Court of
Sh. Tarunpreet Singh
Judicial Magistrate-Ist Class, Ludhiana.
COMA/3017/2020
CNR No. PBLD03-012419-2020
Next Date : 26.10.2023
Veena Bhardwaj
Versus
Navneet Singh Walia

Publication issued to : Navneet Singh Walia S/o Jagjeevan Singh Walia R/o Balaji Nagar, Near Sarppanch Atta Chakki, Adjoining J.S. Tailor Partap Pura, Haibowal Khurd, Ludhiana.

In above titled case, the accused could not be served. It is ordered that accused should appear in person or through counsel on 26.10.2023 at 10.00 a.m.

For details logon to https://highcourtchd.gov.in/?trs=district notice & district=Ludhiana

Judicial Magistrate-Ist Class, Ludhiana.
Dated, this day of 8.9.2023

Public Notice

I, Principal Singh S/o Mangal Singh R/o Vill. Nangal Pannuan, PO Nag Kalan, Amritsar have declare that Singh is my surname and Principal is my given name.

I, Jaspinder Singh S/o Buta Singh R/o VPO Gaggo Mahal, Tehsil Ajnala, Amritsar declare that Singh is my surname and Jaspinder is my given name.

I, Anmoldeep Singh S/o Harwinder Singh R/o H.No. 34, Near Khanna Paper Mill, C-Block, Palm, Garden, Majitha Road, Amritsar declare that Singh is my surname and Anmoldeep is my given name.

I, Gursewak Singh S/o Sukhwinder Singh R/o Village Ratta Gudda, Tehsil Patti, TarnTaran declare that Singh is my surname and Gursewak is my given name.

I, Bachiter Singh S/o Narinder Singh R/o Village Kallo Mahal, PO Gaggomahal, Tehsil Ajnala, Amritsar declare that Singh is my surname and Bachiter is my given name.

I, Paramjit Singh S/o Karan Singh R/o Vill. Darshopur, PO Naushehra Nal Bandan, Pathankot declare that Singh is my surname and Paramjit is my given name.

I, Sukhwinder Singh S/o Mukhtar Singh R/o VPO Sangatpura, Tehsil Ajnala, Amritsar declare that Singh is my surname and Sukhwinder is my given name.

It is for general information that I, Hardeep Singh S/o Avtar Singh R/o VPO. Dhaliwal, Tehsil Nakodar, Distt.Jalandhar, Pin:144033, Punjab, India, declare that the name of my father has been wrongly written as Avtar in my 10th/ All Educational Documents. The actual name of my father is Avtar Singh which may be amended accordingly. All Please Note.

It is for general information that I, Sukhdeep Kaur D/o Avtar Singh R/o VPO. Dhaliwal, Tehsil Nakodar, Distt.Jalandhar, Pin:144033, Punjab, India, declare that the name of my father has been wrongly written as Jagtar Singh in my 10th/ All Educational Documents. The actual name of my father is Avtar Singh which may be amended accordingly. All Please Note.

I Manjit Kaur W/O Gagandeep V.P.O Barian Kalan Tehsil Garhshankar Distt Hoshiarpur Declare That My Passport Mother Name Wrongly Entered Sawitari Devi. But My Correct Mother Name Is Savitri Devi. So Amended My Mother Name From Sawitari Devi To Savitri Devi In My Passport.

I, Davinder Pal Singh S/o Jgir Singh R/o H.No. BXXX-579, Hardev Nagar, Kapurthala Road, Jalandhar declare that I am also known as Davinder Singh . Davinder Singh and Davinder Pal Singh are one and the same Person. (8522)

ਆਮ ਸੂਚਨਾ

ਮੈਂ ਤੇਜਨੂਰ ਕੌਰ ਪੁੱਤਰੀ ਪ੍ਰਭਜੋਤ ਸਿੰਘ ਵਿਰਕ, ਰਾਜਬੀਰ ਕੌਰ ਵਿਰਕ ਵਾਸੀ ਜੰਡਿਆਲਾ ਗੁਰੂ ਅੰਮ੍ਰਿਤਸਰ ਦੀ ਰਹਿਣ ਵਾਲੀ ਹਾਂ ਮੈਂ ਸੈਟ ਫਰਾਂਸਿਸ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਤੋਂ ਦਸਵੀਂ ਕਲਾਸ ਪਾਸ ਕੀਤੀ ਹੈ ਮੇਰਾ ਦਸਵੀਂ ਜਮਾਤ ਦਾ ਸਰਟੀਫਿਕੇਟ ਗੁੰਮ ਹੋ ਗਿਆ ਹੈ ਜਿਸ ਦੀ ਯੂਨਿਕ ਆਈ ਡੀ ਨੰ 9294011,1213076/094 ਮਿਲਣ ਤੇ ਇਸ ਨੰਬਰ ਤੇ ਸੂਚਿਤ ਕਰੋ 7888587213

ਮੈਂ ਜਗਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਵਾਲੀਆ ਤਹਿਸੀਲ ਤੇ ਜਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਖਨਾਜ ਕੌਰ ਬਾਬਾ ਸ਼ਹੀਦ ਸਿੰਘ ਪਬਲਿਕ ਸੀਨੀਅਰ ਸੈਕੇਂਡਰੀ ਸਕੂਲ ਛੇਵੀ ਕਲਾਸ ਦੀ ਵਿਦਿਆਰਥਣ ਹੈ। ਸਕੂਲ ਕਾਰਡ ਵਿੱਚ ਉਸ ਦਾ ਨਾਮ ਸੁਖਰਾਜ ਕੌਰ ਅੰਕਿਤ ਦਰਜ ਹੈ। ਹੁਣ ਅਸੀਂ ਇਸ ਦਾ ਨਾਂਅ ਸੁਖਨਾਜ ਕੌਰ ਹੀ ਰੱਖ ਲਿਆ ਹੈ। ਸੁਖਨਾਜ ਕੌਰ ਹੀ ਠੀਕ ਤੇ ਸਹੀ ਨਾਮ ਹੈ।

ਸੂਚਿਤ ਕੀਤਾ ਜਾਂਦਾ ਹੈ K D Ganesha Hospital ਅੰਮ੍ਰਿਤਸਰ ਵਿੱਚ (IPD ਫਾਇਲਸ) ਨੂੰ 19/10/2023 ਨੂੰ ਖਤਮ ਕੀਤਾ ਜਾਵੇਗਾ। ਜੇਕਰ ਕਿਸੇ ਨੂੰ 1 ਅਪ੍ਰੈਲ 2015 ਤੋ 31 ਮਾਰਚ 2017 ਤੱਕ (IPD ਫਾਇਲਸ) ਦੀ ਕਾਪੀ ਚਾਹੀਦੀ ਹੋਵੇ ਤਾਂ ਉਹ ਇਸਦੇ ਵਿੱਚ ਪ੍ਰਕਾਸ਼ਿਤ ਤਾਰੀਖ ਤੋ ਇੱਕ ਮਹੀਨੇ ਦੇ ਅੰਦਰ ਹੇਠ ਲਿਖੇ ਪਤੇ ਤੇ ਸਪੰਰਕ ਕਰੋ।

ਮੈਂ, ਦੌਲਤ ਰਾਮ ਪੁੱਤਰ ਪ੍ਰੀਤਮ ਚੰਦ ਵਾਸੀ 129, ਕਾਲਾ ਸਿੰਘਾਂ ਰੋਡ, ਈਸ਼ਵਰ ਕਲੋਨੀ, ਜਲੰਧਰ (ਪੰਜਾਬੀ) 14402 ਸੂਚਿਤ ਕਰਦਾ ਹਾਂ ਕਿ ਮੇਰੀਂ ਦੌਲਤ ਰਾਮ ਅਤੇ ਹਰਬੰਸ ਲਾਲ ਦੋਵਾਂ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਦੋਵੇਂ ਨਾਂਅ ਮੇਰੇ ਹੀ ਹਨ। ਸੰਬੰਧਤ ਨੋਟ ਕਰਨ। (8517)

ਇਸ ਉਪ ਮੰਡਲ ਦਫਤਰ ਵਿੱਚ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 28/560 (3004911115) ਜੋ ਕਿ ਸ੍ਰੀ ਸੁੱਚਾ ਸਿੰਘ ਪੁੱਤਰ ਧੀਰ ਸਿੰਘ ਪਿੰਡ ਧਾਰੀਵਾਲ ਕਲੋਰ ਦੇ ਨਾਂਅ 'ਤੇ ਚੱਲਦਾ ਹੈ, ਨੂੰ ਸ੍ਰੀ ਜਤਿੰਦਰਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਪਿੰਡ ਧਾਰੀਵਾਲ ਕਲੋਰ ਦੇ ਨਾਂਅ 'ਤੇ ਬਦਲੀ ਕਰਵਾਉਣ ਲਈ ਬੇਨਤੀ ਪੱਤਰ ਦਿੱਤਾ ਹੈ, ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੈਂ, ਮੰਦਰ ਸਿੰਘ ਪੁੱਤਰ ਮਾਹਲਾ ਸਿੰਘ ਵਾਸੀ ਪਿੰਡ ਖਾਈ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਹਾਂ। ਇਹ ਕਿ ਮੇਰਾ ਨਾਂਅ ਜਮ੍ਹਾਂਬੰਦੀ ਵਿੱਚ ਮੰਦਰ ਸਿੰਘ ਅਤੇ ਅਧਾਰ ਕਾਰਡ ਵਿੱਚ ਸੁਖਮੰਦਰ ਸਿੰਘ ਹੈ। ਮੇਰੇ ਇੱਕ ਹੀ ਵਿਅਕਤੀ ਦੇ ਦੋ ਨਾਂਅ ਹਨ।

ਬੇਦਖਲੀ ਨੋਟਿਸ

ਮੈਂ, ਰਾਧਾ ਰਾਣੀ ਵਿਧਵਾ ਸ੍ਰੀ ਕਿਸ਼ਨ ਲਾਲ ਵਾਸੀ ਮਕਾਨ ਨੰ: ਐਨ ਐਫ਼ 229, ਆਰਿਆ ਗਲੀ, ਟਾਂਡਾ ਰੋਡ, ਜਲੰਧਰ, ਆਪਣੀਆਂ ਬੇਟੀਆਂ ਰਜਨੀ ਪਤਨੀ ਰਾਜੀਵ ਕੁਮਾਰ, ਗੀਤਾ ਪਤਨੀ ਦੀਪਕ ਕੁਮਾਰ, ਸੰਤੋਸ਼ ਰਾਣੀ ਪਤਨੀ ਵਿਜੇ ਅਰੋੜਾ ਅਤੇ ਆਪਣੇ ਬੇਟੇ ਦੀਪਕ ਕੁਮਾਰ ਪੁੱਤਰ ਕਿਸ਼ਨ ਲਾਲ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਸਾਰਿਆਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਉਸ 'ਚ ਅਤੇ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ। (ਬੈਂਕ)

ਮੈਂ, ਗੁਰਦੀਪ ਕੌਰ ਪਤਨੀ ਲੇਟ ਤਰਸੇਮ ਲਾਲ ਸਿੰਘ ਵਾਸੀ ਪਿੰਡ ਰਾਸਤਗੋ ਡਾਕਖਾਨਾ ਮਾਧੋਪੁਰ ਜ਼ਿਲ੍ਹਾ ਜਲੰਧਰ, ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਤਿੰਦਰ ਪਾਲ ਪੁੱਤਰ ਲੇਟ ਤਰਸੇਮ ਲਾਲ ਸ਼ਾਦੀ-ਸ਼ੁਦਾ ਵਾ ਉਸ ਦੀ ਪਤਨੀ ਸ੍ਰੀਮਤੀ ਅਮਨਦੀਪ ਕੌਰ ਅਤੇ ਇਨ੍ਹਾਂ ਦਾ ਲੜਕਾ ਲਵਪ੍ਰੀਤ ਪੁੱਤਰ ਸਤਿੰਦਰ ਪਾਲ ਮੇਰੇ ਕਹਿਣੇ ਤੋਂ ਬਾਹਰ ਹਨ ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਨ੍ਹਾਂ ਨਾਲ ਕੋਈ ਸੰਬੰਧ-ਵਾਸ਼ਤਾ ਨਹੀਂ ਰਿਹਾ ਹੈ। (ਕ੍ਰਿਸ਼ਨਾ)

ਮੈਂ ਗੁਰਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਮਾਣੂੰਕੇ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਆਪਣੇ ਬੇਟੇ ਦੁਰਲੱਭ ਸਿੰਘ ਅਤੇ ਨੂੰਹ ਸੁਮਨਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਇਸ ਲਈ ਮੈਂ ਇਨ੍ਹਾਂ ਦੋਨਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ/ਇਨ੍ਹਾਂ ਦੋਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਤਨਾਮ ਸਿੰਘ ਪੁੱਤਰ ਰੂੜ ਸਿੰਘ ਪਿੰਡ ਰਾਏਪੁਰ ਅਰਾਈਆਂ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਆਪਣੀ ਲੜਕੀ ਦਲਜੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਜਾਇਦਾਦ ਚੱਲ ਅਤੇ ਅਚੱਲ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਲਈ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਉਸ 'ਚ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ

ਬੇਦਖਲੀ ਨੋਟਿਸ

ਮੈਂ, ਹਰਸਿੰਦਰ ਕੌਰ ਪਤਨੀ ਸਵਰਨ ਸਿੰਘ ਵਾਸੀ ਪਿੰਡ ਜੇਠੂਵਾਲ, ਤਹਿ: ਵਾ ਜ਼ਿਲ੍ਹਾ ਅੰਮ੍ਰਿਤਸਰ ਮੇਰਾ ਲੜਕਾ ਸੰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਮੇਰਾ ਇਸ ਨਾਲ ਕੋਈ ਤਲਕ-ਵਾਸ਼ਤਾ ਨਹੀਂ ਹੋਵੇਗਾ। (ਨਾਰੰਗ)

ਅਸੀਂ, ਬਲਜੀਤ ਸਿੰਘ ਪੁੱਤਰ ਸ੍ਰ: ਗੁਲਜਾਰ ਸਿੰਘ ਅਤੇ ਸਰਬਜੀਤ ਕੌਰ ਪਤਨੀ ਬਲਜੀਤ ਸਿੰਘ ਵਾਸੀਆਨ 349, ਗਲੀ ਨੰਬਰ 3, ਗੁਰੂ ਅਰਜਨ ਦੇਵ ਨਗਰ, ਤਰਨ ਤਾਰਨ ਰੋਡ ਅੰਮ੍ਰਿਤਸਰ ਸਾਡਾ ਬੇਟਾ ਕੰਵਲਜੀਤ ਸਿੰਘ ਅਤੇ ਉਸ ਦੀ ਪਤਨੀ ਬੇਵੀ ਅਤੇ ਉਨ੍ਹਾਂ ਦੀ ਬੇਟੀ ਜੈਸਮੀਨ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਸਾਡਾ ਅਤੇ ਸਾਡੇ ਪਰਵਾਰ ਦਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ। (ਨਾਰੰਗ)

ਅਸੀਂ, ਅਜੈ ਦੱਤ ਪੁੱਤਰ ਕਾਕਾ ਰਾਮ, ਅਨੂ ਸ਼ਰਮਾ ਪਤਨੀ ਅਜੈ ਦੱਤ ਦੋਨੋਂ ਵਾਸੀ 23-ਬੀ, ਸੰਧੂ ਕਾਲੋਨੀ, ਛੇਹਰਟਾ, ਅੰਮ੍ਰਿਤਸਰ ਸਾਡੀ ਲੜਕੀ ਚਾਹਤ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦੇ ਕਿਸੇ ਮੈਂਬਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। (ਨਾਰੰਗ)

ਮੈਂ, ਰਾਜ ਕਿਸ਼ਨ ਪੁੱਤਰ ਸ੍ਰੀ ਦੀਵਾਨ ਚੰਦ ਵਾਸੀ ਮਕਾਨ ਨੰਬਰ 1458, ਗਲੀ ਨੰਬਰ ਏ, ਬੰਦ ਗਲੀ, ਟੰਡਨ ਨਗਰ, ਬਟਾਲਾ ਰੋਡ, ਅੰਮ੍ਰਿਤਸਰ ਮੇਰੀ ਪਤਨੀ ਕਿਰਨਾ, ਲੜਕਾ ਮਨੀਸ਼ ਕੁਮਾਰ, ਇਸ ਦੀ ਪਤਨੀ ਮਨਿੰਦਰ ਕੌਰ ਉਰਫ ਨੈਨਸੀ ਅਤੇ ਇਹਨਾਂ ਦੀਆਂ ਦੋਵਾਂ ਬੇਟੀਆਂ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਬਾਕੀ ਪਰਵਾਰ ਦਾ ਇਹਨਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਜਾਂ ਤਲਕ-ਵਾਸਤਾ ਨਹੀਂ ਰਿਹਾ ਹੈ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਨਾਰੰਗ)

ਮੈਂ, ਤਰਲੋਕ ਸਿੰਘ ਸੋਧੀ ਪੁੱਤਰ ਸਾਮ ਸਿੰਘ ਵਾਸੀ ਮਕਾਨ ਨੰਬਰ 230, ਨੌਸ਼ਹਿਰਾ ਮਜੀਠਾ ਰੋਡ, ਗੋਵਿੰਦ ਨਗਰ, ਅੰਮ੍ਰਿਤਸਰ ਮੇਰਾ ਲੜਕਾ ਸੁਖਚੈਨ ਸਿੰਘ ਅਤੇ ਉਸ ਦੀ ਪਤਨੀ ਪ੍ਰਭਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਨਾਂ ਨੂੰ ਅਤੇ ਇਹਨਾਂ ਦੀ ਬੇਟੀ ਗੁਰਨੂਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਨਾਰੰਗ)

ਅਸੀਂ, ਜੋਗਿੰਦਰ ਕੌਰ ਪਤਨੀ ਸ੍ਰ: ਸੁਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਪੁੱਤਰ ਸ੍ਰ: ਸੁਰਿੰਦਰ ਸਿੰਘ ਵਾਸੀਆਨ ਮਕਾਨ ਨੰ: 426/9, ਮਾਹਣਾ ਸਿੰਘ ਰੋਡ, ਨਜ਼ਦੀਕ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਹਾਲ ਵਾਸੀ ਮਕਾਨ ਨੰਬਰ 19, ਗਲੀ ਨੰ: 2, ਸ਼ਹੀਦ ਊਧਮ ਸਿੰਘ ਨਗਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਸਾਡਾ ਲੜਕਾ/ਪੋਤਰਾ ਮਨਦੀਪ ਸਿੰਘ ਅਤੇ ਇਸ ਦੀ ਪਤਨੀ ਜਸਮੀਤ ਕੌਰ ਸਾਡੇ ਅਤੇ ਸਾਡੇ ਬਾਕੀ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ ਹੈ। (ਨਾਰੰਗ)

ਅਸੀਂ, ਅਮਰੀਕ ਸਿੰਘ ਪੁੱਤਰ ਪ੍ਰਤਾਪ ਸਿੰਘ ਅਤੇ ਬਲਵਿੰਦਰ ਕੌਰ ਪਤਨੀ ਅਮਰੀਕ ਸਿੰਘ ਵਾਸੀ ਮਕਾਨ ਨੰਬਰ 3967/31, ਗਲੀ ਨੰਬਰ 3, ਕੋਟ ਬਾਬਾ ਦੀਪ ਸਿੰਘ, ਸੁਲਤਾਨਵਿੰਡ, ਅ

21-SEP-PAGE-7.qxd 9/20/2023 10:32 PM Page 1

ਪੁਲ ਬਣਾਉਣ ਦਾ ਕੰਮ ਬੰਦ, ਲੋਕ ਪ੍ਰੇਸ਼ਾਨ

ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਸ਼ਹਿਰ ਦੇ ਦੋ ਹਿੱਸਿਆਂ ਨੂੰ ਆਪਸ ਵਿੱਚ ਜੋੜਣ ਵਾਲੇ ਫਾਟਕ, ਜਿਨ੍ਹਾਂ ਨੂੰ ਓਵਰਬ੍ਰਿਜ ਦਾ ਕੰਮ ਚੱਲਣ ਕਾਰਨ ਮੁਕੰਮਲ ਬੰਦ ਕਰ ਦਿੱਤਾ ਗਿਆ ਹੈ। ਪ੍ਰੇਸ਼ਾਨੀ ਝੱਲ ਰਹੇ ਸ਼ਹਿਰ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ

ਤੇ ਸ਼ਹਿਰ ਦੀਆਂ ਦੋ ਮੰਡੀਆਂ ਨੂੰ ਆਪਸ ਵਿੱਚ ਜੋੜਣ ਲਈ ਟੂ ਵੀਲਰ ਵਹੀਕਲਾਂ ਵਾਸਤੇ ਰਾਸਤੇ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਨੂੰ ਵੇਖਦਿਆਂ ਐਸ ਡੀ ਐਮ ਓਮ ਪ੍ਰਕਾਸ਼ ਤੇ ਆਮ ਆਦਮੀ ਪਾਰਟੀ ਦੇ ਆਗੂ ਕਾਲਾ ਭੁੱਚੋ, ਰੌਬੀ ਬਰਾੜ, ਵਪਾਰ ਮੰਡਲ ਦੇ ਪ੍ਰਧਾਨ ਅਮਰਨਾਥ, ਪ੍ਰਾਪਰਟੀ ਐਸੋਸੀਏਸ਼ਨ ਦੇ ਪ੍ਰਧਾਨ ਇੰਦਰਜੀਤ ਬਾਵਾ ਨੇ ਮੌਕੇ 'ਤੇ ਪਹੁੰਚ ਸਥਿਤੀ ਦਾ ਜਾਇਜ਼ਾ ਲਿਆ।

ਐਸ.ਡੀ.ਐਮ ਓਮ ਪ੍ਰਕਾਸ਼ ਵੱਲੋਂ ਪੁਲ਼ ਦਾ ਨਿਰਮਾਣ ਕਰ ਰਹੇ ਠੇਕੇਦਾਰ ਸਮੇਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤੇ ਤਿਉਹਾਰਾਂ ਦੀ ਸੀਜ਼ਨ ਨੂੰ ਵੇਖਦਿਆਂ ਸਾਈਕਲ ਤੇ ਮੋਟਰ ਸਾਈਕਲ ਵਾਸਤੇ ਰਾਸਤਾ ਖੋਲ੍ਹਣ ਦੀ ਗੱਲ ਕਹੀ। ਆਮ ਆਦਮੀ ਪਾਰਟੀ ਦੇ ਆਗੂ ਕਾਲਾ ਭੁੱਚੋ ਨੇ ਦੱਸਿਆ ਕਿ ਪੁਲ਼ ਬਣਾਉਨ ਵਾਲੀ ਕੰਪਨੀ, ਠੇਕੇਦਾਰ ਤੇ ਬੀ.ਐਂਡ.ਆਰ ਦੇ ਅਧਿਕਾਰੀਆਂ ਨਾਲ ਗੱਲਬਾਤ ਹੋ ਗਈ ਹੈ ਤੇ ਜਲਦ ਹੀ ਟੂਵੀਲਰ ਵਾਸਤੇ ਰਾਸਤਾ ਖੁਲ੍ਹਵਾਇਆ ਜਾਵੇਗਾ। ਮੌਕੇ 'ਤੇ ਇਕੱਤਰ ਸ਼ਹਿਰ ਵਾਸੀਆਂ ਨੇ ਦੱਸਿਆ ਕਿ ਪੁਲ਼ ਬਣਾਉਣ ਦਾ ਕੰਮ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਬੰਦ ਹੈ ਤੇ ਲੇਬਰ ਵੀ ਛੁੱਟੀ ਲੈ ਕੇ ਗਈ ਹੋਈ ਹੈ ਤੇ ਸਮਾਨ ਵੀ ਖ਼ਤਮ ਹੈ। ਉਨ੍ਹਾਂ ਮੰਗ ਕੀਤੀ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਵੇਖਦਿਆਂ ਟੂ ਵੀਲਰ ਵਹੀਕਲਾਂ ਵਾਸਤੇ ਰਾਸਤਾ ਜਲਦ ਖੋਲ੍ਹਿਆ ਜਾਵੇ ਤੇ ਪੁਲ਼ ਬਣਾਉਨ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ।

ਜ਼ਿਕਰਯੋਗ ਹੈ ਕਿ ਸ਼ਹਿਰ ਦੇ ਅੰਦਰਲੇ ਨੇਤਾ ਜੀ ਸੁਭਾਸ਼ ਚੰਦਰ ਰੇਲਵੇ ਫਾਟਕਾਂ ਤੇ ਓਵਰਬ੍ਰਿਜ ਬਣਾਇਆ ਜਾ ਰਿਹਾ ਹੈ। ਕਰੀਬ ਦੋ ਸਾਲ ਪਹਿਲਾ ਸ਼ੁਰੂ ਹੋਏ ਇਸ ਓਵਰਬ੍ਰਿਜ ਦਾ ਕੰਮ ਅਜੇ ਵੀ ਅਧੂਰਾ ਹੈ, ਜਿਸ ਨੂੰ ਪੂਰਾ ਕਰਨ ਲਈ ਠੇਕੇਦਾਰ ਵੱਲੋਂ ਸ਼ਹਿਰ ਦੇ ਦੋ ਹਿੱਸਿਆਂ ਨੂੰ ਆਪਸ ਵਿੱਚ ਜੋੜਨ ਵਾਲਾ ਮੁੱਖ ਫਾਟਕ ਬੰਦ ਕਰਾ ਕੇ ਰਾਸਤਾ ਬੰਦ ਕਰ ਦਿੱਤਾ ਹੈ।

ਫਾਟਕਾਂ ਦਾ ਰਾਸਤਾ ਬੰਦ ਹੋਣ ਕਾਰਨ ਸ਼ਹਿਰ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਜਾਣ ਲਈ ਜਾ ਤਾਂ ਨੈਸ਼ਨਲ ਹਾਈਵੈ ਤੇ ਬਣੇ ਓਵਰ ਬ੍ਰਿਜ਼ ਦਾ ਸਹਾਰਾ ਲੈਣਾ ਪੈਂਦਾ ਹੈ ਜਾਂ ਫਿਰ ਸ਼ਹਿਰ ਦੇ ਬਾਹਰ ਬਣੇ 2 ਕਿਲੋਮੀਟਰ ਦੂਰ ਗਿੱਲ ਕਲਾਂ ਫਾਟਕਾਂ ਰਾਹੀਂ ਹੋ ਕੇ ਜਾਣਾ ਪੈ ਰਿਹਾ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਸਮੇਤ ਛੋਟੇ-ਛੋਟੇ ਬੱਚਿਆਂ ਨੂੰ ਵੱਡੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਮੱਸਿਆ ਰਾਤ ਸਮੇਂ ਹੋਰ ਵੀ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ ਕਿਉਂਕਿ ਗਿੱਲ ਕਲਾਂ ਫਾਟਕ ਵਾਲਾ ਰਾਸਤਾ ਸੁੰਨਸਾਨ ਹੈ ਤੇ ਇਲਾਕੇ ਵਿੱਚ ਲੁੱਟਾਂ ਖੋਹਾਂ ਕਰਨ ਵਾਲਿਆਂ ਦਾ ਡਰ ਬਣਿਆ ਰਹਿੰਦਾ ਹੈ।

50 ਲੋੜਵੰਦ ਪਰਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਦੇ ਚੈੱਕ

ਮੱਖੂ (ਰਛਪਾਲ ਸਿੰਘ ਸੰਧੂ) ਦੁਬਈ ਦੇ ਉੱਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕਰਾਏ ਇੱਕ ਸਾਦਾ ਸਮਾਗਮ ਦੌਰਾਨ 50 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ।

ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਤੇ ਦਵਿੰਦਰ ਸਿੰਘ ਛਾਬੜਾ ਮਖੂ ਪ੍ਰਧਾਨ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਅਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਅਤੇ ਜਨਤਕ ਸਥਾਨਾਂ ਤੇ ਸਾਫ਼ ਪਾਣੀ ਵਾਲੇ ਆਰਓ ਲਾਏ ਜਾਂਦੇ ਹਨ। ਇਸ ਮੌਕੇ ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ, ਦਵਿੰਦਰ ਸਿੰਘ ਛਾਬੜਾ, ਰਣਜੀਤ ਸਿੰਘ ਰਾਏ ਜੀਰਾ ਪ੍ਰਧਾਨ, ਕਿਰਨ ਪੇਂਟਰ, ਗੁਰਦੇਵ ਸਿੰਘ ਮਹਿਤਾ ਤੇ ਲਖਵਿੰਦਰ ਸਿੰਘ ਕਰਮੂਵਾਲਾ ਸਮੇਤ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

ਰਾਸ਼ਟਰੀ ਪੱਧਰ ਦੇ ਸ਼ਤਰੰਜ ਮੁਕਾਬਲਿਆਂ 'ਚ ਗੁਰਲੀਨ ਕੌਰ ਦੀ ਸ਼ਾਨਦਾਰ ਜਿੱਤ

ਜਗਰਾਉਂ (ਅਮਿਤ ਖੰਨਾ) ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਮੋਹਰੀ ਰਿਹਾ ਹੈ। ਇਸੇ ਲੜੀ ਦੇ ਆਈ.ਸੀ.ਐੱਸ.ਈ ਦੇ ਰਾਸ਼ਟਰੀ ਪੱਧਰ ਦੇ ਸ਼ਤਰੰਜ ਮੁਕਾਬਲਿਆਂ 'ਚ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ.ਬੀ.ਐੱਸ.ਬੀ ਕਾਨਵੈਂਟ ਸਕੂਲ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਹਿਲਾਂ ਹੀ ਨਾਰਥ ਇੰਡੀਆਂ ਦੀ ਬੈਸਟ ਪਲੇਅਰ ਚੁਣੀ ਗਈ ਗੁਰਲੀਨ ਕੌਰ ਨੇ ਰਾਸ਼ਟਰੀ ਪੱਧਰ 'ਤੇ ਵੀ ਆਪਣੇ ਸ਼ਾਨਦਾਰ ਪ੍ਰਦਸ਼ਨ ਨੂੰ ਜਾਰੀ ਰੱਖਿਆ।

ਮੁਕਾਬਲਿਆਂ ਵਿੱਚ ਗੁਰਲੀਨ ਕੌਰ ਦੇ 8 ਮੁਕਾਬਲੇ ਹੋਏ, ਜਿਸ ਵਿੱਚ ਉਸ ਨੇ ਮਹਾਰਾਸ਼ਟਰ ਤੇ ਗੋਆ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਛੱਤੀਸਗੜ੍ਹ ਤੇ ਕਰਨਾਟਕਾ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ, ਜਦੋਂਕਿ ਯੂ.ਪੀ ਨਾਲ ਮੈਚ ਡਰਾਅ ਖੇਡਿਆ ਗਿਆ, ਪਰ ਪੂਰੇ ਮੈਚ ਵਿੱਚ ਪ੍ਰਦਰਸ਼ਨ ਲਾਜਵਾਬ ਰਿਹਾ।

ਸ਼ਾਨਦਾਰ ਖੇਡ ਦੇ ਚੱਲਦਿਆਂ ਗੁਰਲੀਨ ਕੌਰ ਨੇ ਨੈਸ਼ਨਲ ਪੱਧਰ ਦੇ ਟਾਪ 10 ਖਿਡਾਰੀਆਂ ਵਿੱਚ ਪ੍ਰਵੇਸ਼ ਕੀਤਾ। ਸਕੂਲ ਪ੍ਰਬੰਧਕੀ ਕਮੇਟੀ ਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਾ ਠਾਕੁਰ ਵੱਲੋਂ ਗੁਰਲੀਨ ਕੌਰ ਦੇ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਾ ਠਾਕੁਰ ਵੱਲੋਂ ਬੱਚਿਆਂ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਇਹ ਸਕੂਲ ਜਾਂ ਇਲਾਕੇ ਦੇ ਲਈ ਹੀ ਨਹੀਂ, ਸਗੋਂ ਪੂਰੇ ਨਾਰਥ ਇੰਡੀਆ ਵਾਸਤੇ ਮਾਣ ਵਾਲੀ ਗੱਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖੇਡਾਂ ਵਿੱਚ ਭਾਗ ਲੈਣ ਨਾਲ ਹੀ ਬੱਚੇ ਉੱਚ ਪੱਧਰੀ ਖੇਡਾਂ ਵਿੱਚ ਭਾਗ ਲੈ ਸਕਦੇ ਹਨ।

ਮੈਨੇਜਮੈਂਟ ਮੈਂਬਰਾਂ ਵੱਲੋਂ ਗੁਰਲੀਨ ਕੌਰ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਮੈਨੇਜਮੈਂਟ ਮੈਂਬਰਾਂ ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨਰ ਜਿੰਦਰ ਕੁਮਾਰ ਬਾਵਾ, ਪ੍ਰੈਜੀਡੈਂਟ ਹਰੀ ਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ ਤੇ ਜਨਰਲ ਸੈਕਰੇਟਰੀ ਅੰਜੂ ਬਾਲਾ ਹਾਜ਼ਰ ਸਨ।

ਐਜੂਕੇਸ਼ਨਲ ਵਰਕਸ਼ਾਪਾਂ ਨਾਲ ਅਧਿਆਪਕਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ : ਸੱਤਪਾਲ ਅਰੋੜਾ

ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ) ਜੇ ਕੇ ਐਸ ਪਬਲਿਕ ਸਕੂਲ ਵਿੱਚ ਅਧਿਆਪਕਾਂ ਲਈ 'ਇਫੈਕਟਿਵ ਕਲਾਸਰੂਮ ਟੀਚਿੰਗ ਸਕਿਲਸ ਐਂਡ ਐਪਲੀਕੇਸ਼ਨ' ਵਿਸ਼ੇ 'ਤੇ ਮੀਡੀਆ ਵੱਲੋਂ ਬੈਸਟ ਸਪੀਕਰ ਦਾ ਐਵਾਰਡ ਪ੍ਰਾਪਤ ਪ੍ਰਾਪਤ ਕਰਨ ਵਾਲੇ ਦਿੱਲੀ ਤੋਂ ਰੀਸੋਰਸ ਪਰਸਨ ਅਲੀਜਾਮਾ ਤੇ ਇੰਡੈਨਿਕਾ ਲਰਨਿੰਗ ਦੇ ਰਾਹੁਲ ਥਾਪਰ ਦੇ ਸਹਿਯੋਗ ਨਾਲ ਐਜੂਕੇਸ਼ਨਲ ਵਰਕਸ਼ਾਪ ਲਾਈ ਗਈ। ਸਕੂਲ ਦੇ ਸੈਕਟਰੀ ਸੱਤਪਾਲ ਅਰੋੜਾ ਨੇ ਦੱਸਿਆ ਕਿ ਇਸ ਵਰਕਸ਼ਾਪ ਦਾ ਉਦੇਸ਼ ਅਧਿਆਪਕਾਂ ਨੂੰ ਕਲਾਸਾਂ ਵਿਚ ਵਰਤੇ ਜਾਣ ਵਾਲੇ ਅਲੱਗ-ਅਲੱਗ ਸਿੱਖਿਆ ਕੌਸ਼ਲਾਂ ਬਾਰੇ ਦੱਸਣਾ ਸੀ। ਅਧਿਆਪਕਾਂ ਨੇ ਇਸ ਵਰਕਸ਼ਾਪ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲਿਆ।

ਸਵਾਮੀ ਵਿਵੇਕਾਨੰਦ ਦੀਆਂ ਲਾਈਨਾਂ ਨਾਲ ਉਠੋ, ਜਾਗੋ, ਰੁਕੋ ਨਾ ਜਦੋਂ ਤੱਕ ਲਕਸ਼ ਪ੍ਰਾਪਤ ਨਾ ਹੋ ਜਾਏ, ਨਾਲ ਸ਼ੁਰੂ ਕਰਕੇ ਜ਼ਿਆਦਾ ਤੇਜ਼ ਸਿੱਖਣ ਵਾਲੇ, ਮੱਧਮ ਸਿੱਖਣ ਵਾਲੇ ਤੇ ਸਭ ਤੋਂ ਘੱਟ ਸਿੱਖਣ ਵਾਲਿਆਂ ਬੱਚਿਆਂ ਬਾਰੇ ਦੱਸਿਆ ਤੇ ਨਾਲ ਕਿਹਾ ਕਿ ਇੱਕ ਅਧਿਆਪਕ ਨੂੰ ਹਮੇਸ਼ਾ ਹੌਲੀ ਸਿੱਖਣ ਵਾਲੇ ਬੱਚੇ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ।

ਅੰਤ ਸਕੂਲ ਪ੍ਰਬੰਧਕੀ ਕਮੇਟੀ ਤੇ ਪ੍ਰਿੰਸੀਪਲ ਨੇ ਅਲੀ ਜਾਮਾ ਤੇ ਰਾਹੁਲ ਥਾਪਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

ਸੀ ਟੀ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਵੱਲੋਂ ਸੁਪਰੀਮ ਕੋਰਟ ਦਾ ਦੌਰਾ

ਜਗਰਾਉਂ, (ਸੰਜੀਵ ਅਰੋੜਾ)- ਸੀਟੀ ਯੂਨੀਵਰਸਿਟੀ ਦੇ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦਾ ਦੌਰਾ ਕੀਤਾ। ਇਸ ਦਾ ਆਯੋਜਨ ਖਾਸ ਤੌਰ 'ਤੇ ਵਿਦਿਆਰਥੀਆਂ ਨੂੰ ਲੋਕਤੰਤਰ ਦੇ ਮੂਲ, ਨਿਆਂ ਦੇ ਸਿਧਾਂਤਾਂ ਤੇ ਸਾਡੇ ਦੇਸ਼ ਵਿੱਚ ਨਿਆਂਪਾਲਿਕਾ ਦੀ ਲਾਜ਼ਮੀ ਭੂਮਿਕਾ ਬਾਰੇ ਸਮਝ ਪ੍ਰਦਾਨ ਕਰਨ ਲਈ ਕੀਤਾ ਗਿਆ। ਇਸ ਰਾਹੀਂ ਵਿਦਿਆਰਥੀਆਂ ਨੂੰ ਲੋਕਤੰਤਰ ਦੇ ਨਿਆਂਪਾਲਿਕਾ ਦੇ ਸਰਵਉੱਚ ਕਾਰਜਾਂ ਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਵਿਦਿਆਰਥੀਆਂ ਨੂੰ ਸੁਪਰੀਮ ਕੋਰਟ ਦੀ ਅਦਾਲਤੀ ਕਾਰਵਾਈ ਨੂੰ ਦੇਖਣ ਦਾ ਅਨਮੋਲ ਮੌਕਾ ਮਿਲਿਆ। ਇਨ੍ਹਾਂ ਕਾਰਵਾਈਆਂ ਵਿੱਚ ਗੈਰ-ਸੰਵੇਦਨਸ਼ੀਲ ਕੇਸ ਸ਼ਾਮਲ ਸਨ, ਜਿਸ ਨਾਲ ਵਿਦਿਆਰਥੀਆਂ ਨੂੰ ਪੇਸ਼ ਕੀਤੀਆਂ ਗਈਆਂ ਕਾਨੂੰਨੀ ਦਲੀਲਾਂ, ਮਾਣਮੱਤੇ ਮਰਿਆਦਾ ਨੂੰ ਬਰਕਰਾਰ ਰੱਖਣ ਤੇ ਨਿਆਂ ਦੇ ਸੁਚੱਜੇ ਪ੍ਰਸ਼ਾਸਨ ਨੂੰ ਨੇੜਿਓਂ ਦੇਖਣ ਜਾਣ ਦਾ ਮੌਕਾ ਮਿਲਿਆ। ਸੀਟੀ ਯੂਨੀਵਰਸਿਟੀ ਦੀ ਪ੍ਰਿੰਸੀਪਲ ਡਾ. ਸਿਮਰਨ ਗਿੱਲ ਨੇ ਕਿਹਾ ਕਿ ਇਸ ਦੌਰੇ ਦਾ ਉਦੇਸ਼ ਲਾਅ ਵਿਦਿਆਰਥੀਆਂ ਨੂੰ ਅਸਲ ਲੋਕਤੰਤਰ ਤੇ ਕਾਨੂੰਨੀ ਕਾਰਵਾਈਆਂ ਦੀਆਂ ਪੇਚੀਦਗੀਆਂ ਦੀ ਸਮਝ ਦੇਣਾ ਸੀ। ਉਨ੍ਹਾ ਕਿਹਾ ਕਿ ਨਿਆਂ ਪਾਲਿਕਾ ਕਿਸੇ ਵੀ ਜੀਵੰਤ ਲੋਕਤੰਤਰ ਦੀ ਨੀਂਹ ਹੁੰਦੀ ਹੈ ਤੇ ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਦੀ ਦੌਰਾ ਵਿਦਿਆਰਥੀਆਂ ਨੂੰ ਕਾਨੂੰਨੀ ਪੇਸ਼ੇ ਦੀ ਅਸਲ-ਸੰਸਾਰ ਗਤੀਸ਼ੀਲਤਾ ਤੋਂ ਜਾਣੂ ਕਰਵਾਇਆ ਹੈ। ਨਿਆਂ ਦੀ ਗਵਾਹੀ ਦੇਣਾ ਇਕ ਨਿਮਰ ਤੇ ਗਿਆਨਵਾਨ ਅਨੁਭਵ ਹੈ, ਜੋ ਬਿਨਾਂ ਸ਼ੱਕ ਉਨ੍ਹਾਂ ਦੇ ਕਾਨੂੰਨੀ ਕੈਰੀਅਰ ਨੂੰ ਆਕਾਰ ਦੇਵੇਗਾ।

ਮਾਰਕੀਟ ਕਮੇਟੀ ਦੇ ਚੇਅਰਮੈਨ ਨੇ ਨਰਮੇ ਦੀ ਬੋਲੀ ਕਰਾਈ

ਤਪਾ ਮੰਡੀ (ਅਰੁਣ ਗੋਇਲ) ਅੰਦਰਲੀ ਅਨਾਜ ਮੰਡੀ 'ਚ ਨਰਮੇ ਦੀ ਆਮਦ ਸ਼ੁਰੂ ਹੋ ਗਈ ਹੈ, ਜਿਸ ਦੀ ਪਹਿਲੀ ਬੋਲੀ ਮਾਰਕੀਟ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ ਲਾ ਕੇ ਸ਼ੁਰੂਆਤ ਕਰਾਈ। ਮਾਰਕੀਟ ਕਮੇਟੀ ਦੇ ਸੁਪਰਵਾਈਜਰ ਵਿਕਰਮ ਸਿੰਘ ਤੇ ਅੰਗਰੇਜ਼ ਸਿੰਘ ਨੇ ਦੱਸਿਆ ਕਿ ਨਰਮੇ ਦੀ ਢੇਰੀ ਸੰਤ ਰਾਮ ਦੇਵ ਰਾਜ ਦੀ ਦੁਕਾਨ ਤੇ ਕਿਸਾਨ ਮਿੱਠੂ ਸਿੰਘ ਪੁੱਤਰ ਮਾੜਾ ਸਿੰਘ ਵਾਸੀ ਹੰਡਿਆਇਆ ਲੈ ਕੇ ਆਇਆ ਹੈ, ਜਿਸ ਨੂੰ ਪ੍ਰਾਈਵੇਟ ਵਪਾਰੀ ਨੇ ਲਗਭਗ 7400 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤੀ ਹੈ। ਇਸ ਮੌਕੇ ਚੇਅਰਮੈਨ ਕਾਹਨੇਕੇ ਨੇ ਕਿਸਾਨ ਦਾ ਮੂੰਹ ਮਿੱਠਾ ਕਰਾਇਆ ਅਤੇ ਲੱਡੂ ਵੰਡੇ ਗਏ। ਇਸ ਮੌਕੇ ਚੇਅਰਮੈਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਅਪਣੀ ਫ਼ਸਲ ਸੁੱਕੀ ਲੈ ਕੇ ਆਉਣ ਤਾਂ ਜੁ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋ, ਬੁੱਧ ਰਾਮ ਢਿੱਲਵਾਂ, ਤਰਸੇਮ ਚੰਦ ਭੋਲਾ ਢਿੱਲਵਾਂ, ਪਵਨ ਕੁਮਾਰ ਪੱਖੋ, ਮੱਖਣ ਲਾਲ ਬਦਰਾ, ਸੰਜੀਵ ਉਗੋ, ਦੇਵ ਰਾਜ ਢਿੱਲਵਾਂ, ਹੰਸ ਰਾਜ, ਹਰਿੰਦਰ ਸਿੰਘ, ਯੋਗੇਸ਼ ਬੱਲ੍ਹੋ, ਰਾਕੇਸ਼ ਕੁਮਾਰ ਤਾਜੋਕੇ, ਮਦਨ ਲਾਲ ਘੁੜੈਲਾ, ਨਰਸੀ ਭਗਤ, ਸੱਤਪਾਲ ਮੋੜ, ਤਰਸੇਮ ਮਹਿਤਾ ਆਦਿ ਆੜ੍ਹਤੀਏ ਹਾਜ਼ਰ ਸਨ।

ਬਲਾਕ ਕਾਂਗਰਸ ਸ਼ਹਿਰੀ ਤੇ ਦਿਹਾਤੀ ਪੱਧਰ ਦੀ ਮੀਟਿੰਗ

ਜਗਰਾਉਂ (ਸੰਜੀਵ ਅਰੋੜਾ)-ਪੰਜਾਬ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਜਗਰਾਉਂ ਵਿਖੇ ਬਲਾਕ ਜਗਰਾਉਂ (ਦਿਹਾਤੀ) ਪ੍ਰਧਾਨ ਨਵਦੀਪ ਸਿੰਘ ਗਰੇਵਾਲ ਤੇ ਸ਼ਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਮੀਟਿੰਗ

21-Sep-PAGE- 8 qxd.qxd 9/20/2023 10:37 PM Page 1

ਪਨਬਸ ਤੇ ਪੀ ਆਰ ਟੀ ਸੀ ਕਾਮਿਆਂ ਵੱਲੋਂ ਹੜਤਾਲ ਤੇ ਰੋਸ ਰੈਲੀ

ਨੰਗਲ (ਸੁਰਜੀਤ ਸਿੰਘ) ਪੂਰੇ ਪੰਜਾਬ ਵਿਚ ਸਾਂਝੇ ਤੌਰ 'ਤੇ ਪਨਬਸ ਅਤੇ ਪੀ.ਆਰ.ਟੀ.ਸੀ ਵਲੋਂ ਹੜਤਾਲ ਕਰਕੇ ਰੋਸ ਉਸ ਰੈਲੀ ਕੀਤੀ ਗਈ। ਪੰਜਾਬ ਰੋਡਵੇਜ ਦੇ ਸਥਾਨਕ ਡਿਪੂ ਵਿਖੇ ਰੋਸ ਰੈਲੀ ਨੂੰ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਜਨਰਲ ਸਕੱਤਰ ਰਾਮ ਦਿਆਲ ਅਤੇ ਪ੍ਰਧਾਨ ਸੁਨੀਲ ਰਾਣਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਬਾਰ-ਬਾਰ ਮੀਟਿੰਗਾਂ ਦੇ ਕੇ ਭੱਜ ਰਹੇ ਹਨ। ਇਸੇ ਤਰ੍ਹਾਂ ਪ੍ਰਮੁੱਖ ਸਕੱਤਰ ਅਤੇ ਮੁੱਖ ਦਫਤਰ ਵੱਲੋਂ ਵਾਰ-ਵਾਰ ਮੀਟਿੰਗਾਂ ਕਰਕੇ ਸਾਰੀਆਂ ਮੰਗਾਂ 'ਤੇ ਚਰਚਾ ਕਰਨ ਤੋਂ ਬਾਅਦ ਲਿਖਤੀ ਤੌਰ 'ਤੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਪਰ ਅਜੇ ਤੱਕ ਦੋ ਮਹੀਨੇ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਕੋਈ ਵੀ ਮੰਗ ਸਿਰੇ ਨਹੀਂ ਚੜ੍ਹੀ ਜਿਸ ਕਾਰਨ ਪੂਰੇ ਪੰਜਾਬ ਵਿੱਚ ਪੰਜਾਬ ਰੋਡਵੇਜ ਪਨਬਸ ਅਤੇ ਪੀ ਆਰ ਟੀ ਸੀ ਦਾ ਚੱਕਾ ਜਾਮ ਕੀਤਾ ਗਿਆ।

ਇਸ ਮੌਕੇ ਮੀਤ ਪ੍ਰਧਾਨ ਲਖਬੀਰ ਸਿੰਘ ਨੇ ਕਿਹਾ ਕਿ ਟਰਾਂਸਪੋਰਟ ਮੰਤਰੀ ਪੰਜਾਬ ਲਾਲਜੀਤ ਭੁੱਲਰ ਨਾਲ ਪੰਜਾਬ ਭਵਨ ਵਿਖੇ ਮੀਟਿੰਗ ਚਲ ਰਹੀ ਹੈ ਜੇਕਰ ਮੀਟਿੰਗ ਵਿੱਚ ਕੋਈ ਸਿੱਟਾ ਨਾ ਨਿਕਲਿਆ ਤਾਂ ਸਵੇਰ ਤੋਂ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ ਚੰਡੀਗੜ੍ਹ ਵਿਖੇ ਘਰਾਓ ਕੀਤਾ ਜਾਵੇਗਾ। ਇਸ ਮੌਕੇ ਵਾਈਸ ਪ੍ਰਧਾਨ ਮਨੋਹਰ ਲਾਲ ਬਲਦੇਵ ਸਿੰਘ ਪ੍ਰਦੀਪ ਕੁਮਾਰ ਗੁਰਪਾਲ ਸਿੰਘ ਮਹਿੰਦਰ ਸਿੰਘ ਕੈਸੀਅਰ ਵਿਨੈ ਕੁਮਾਰ ਹਰਮੀਤ ਸਿੰਘ ਕਰਨ ਸਿੰਘ ਜਗਮੀਤ ਸਿੰਘ ਸਤਨਾਮ ਸਿੰਘ ਅਮਨਦੀਪ ਸਿੰਘ ਬਲਰਾਜ ਸਿੰਘ ਹਰਪ੍ਰੀਤ ਸਿੰਘ ਬਲਰਾਜ ਜੀਤ ਸਿੰਘ ਹਾਜਰ ਸਨ।

ਖੇਤੀ ਬੁਨਿਆਦੀ ਢਾਂਚਾ ਫੰਡ ਸਕੀਮ 'ਚ ਪੰਜਾਬ ਗੱਡ ਰਿਹੈ ਸਫਲਤਾ ਦੇ ਝੰਡੇ : ਜੌੜਾਮਾਜਰਾ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਪੰਜਾਬ ਦੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਉਦਮੀਆਂ ਦੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ.) ਸਕੀਮ ਵੱਲ ਨਿਰੰਤਰ ਵਧ ਰਹੇ ਰੁਝਾਨ ਨੇ ਇੱਕ ਵਾਰ ਫਿਰ ਪੰਜਾਬੀਆਂ ਦੀ ਉੱਦਮੀ ਭਾਵਨਾ ਨੂੰ ਦਰਸਾ ਦਿੱਤਾ ਹੈ। ਖੇਤੀ ਉਪਜ ਤੋਂ ਬਾਅਦ ਦੇ ਪ੍ਰਬੰਧਨ ਸਬੰਧੀ ਪ੍ਰਾਜੈਕਟਾਂ ਅਤੇ ਸਾਂਝੀ ਖੇਤੀ ਸੰਪਤੀਆਂ ਸਥਾਪਤ ਕਰਨ ਲਈ ਲਾਹੇਵੰਦ ਇਸ ਸਕੀਮ ਅਧੀਨ ਹੁਣ ਤੱਕ ਸੂਬਾ ਸਰਕਾਰ ਨੂੰ 10,000 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋ ਚੁੱਕੀਆਂ ਹਨ। ਸਕੀਮ ਸਬੰਧੀ ਤਾਜ਼ਾ ਅੰਕੜੇ ਸਾਂਝੇ ਕਰਦਿਆਂ ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸੂਬਾ ਸਰਕਾਰ ਨੂੰ 18 ਸਤੰਬਰ ਤੱਕ ਕੁੱਲ 10,509 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 6,042 ਅਰਜ਼ੀਆਂ ਨੂੰ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਜਦਕਿ 5,166 ਅਰਜ਼ੀਆਂ ਦਾ ਨਿਬੇੜਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਇਸ ਸਕੀਮ ਤਹਿਤ ਮਨਜ਼ੂਰ ਹੋਈਆਂ ਅਰਜ਼ੀਆਂ ਦੇ ਮਾਮਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਸਕੀਮ ਤਹਿਤ ਤਿੰਨ ਜ਼ਿਲ੍ਹਿਆਂ ਨੇ 1,000 ਅਰਜ਼ੀਆਂ ਦੇ ਅੰਕੜੇ ਨੂੰ ਪਾਰ ਕੀਤਾ ਹੈ, ਜਿਨ੍ਹਾਂ ਵਿੱਚ ਬਠਿੰਡਾ 1,286 ਅਰਜ਼ੀਆਂ, ਫਾਜ਼ਿਲਕਾ 1,158 ਅਰਜ਼ੀਆਂ ਅਤੇ ਪਟਿਆਲਾ 1,087 ਅਰਜ਼ੀਆਂ ਨਾਲ ਮੋਹਰੀ ਚਲ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਕੀਮ ਤਹਿਤ ਯੋਗ ਪ੍ਰਾਜੈਕਟਾਂ 'ਤੇ ਸੋਲਰ ਪੈਨਲ ਅਤੇ ਸੋਲਰ ਪੰਪ ਵੀ ਲਗਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਬਾਗਬਾਨੀ ਵਿਭਾਗ, ਜੋ ਪੰਜਾਬ ਵਿੱਚ ਇਸ ਸਕੀਮ ਨੂੰ ਲਾਗੂ ਕਰਨ ਲਈ ਨੋਡਲ ਏਜੰਸੀ ਹੈ, ਨੇ ਸਕੀਮ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਵੱਟਸਐਪ ਹੈਲਪਲਾਈਨ ਨੰਬਰ 9056092906 ਜਾਰੀ ਕੀਤਾ ਹੋਇਆ ਹੈ ਤਾਂ ਜੋ ਕਿਸਾਨਾਂ ਦੀ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਨਾਲੋ-ਨਾਲ ਨਿਬੇੜਾ ਕੀਤਾ ਜਾ ਸਕੇ। ਖੇਤੀਬਾੜੀ ਅਤੇ ਬਾਗਬਾਨੀ ਖੇਤਰ ਨੂੰ ਹੋਰ ਉਚਾਈਆਂ ਵੱਲ ਲਿਜਾਣ ਦੀ ਵਚਨਬੱਧਤਾ ਦੁਹਰਾਉਂਦਿਆਂ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਖ-ਵੱਖ ਪਹਿਲਕਦਮੀਆਂ ਅਤੇ ਸਕੀਮਾਂ ਰਾਹੀਂ ਕਿਸਾਨਾਂ ਨੂੰ ਸਮਰੱਥ ਬਣਾ ਕੇ ਸੂਬੇ ਵਿੱਚ ਖੇਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ।

ਐੱਸ ਸੀ/ਐੱਸ ਟੀ ਅੱਤਿਆਚਾਰ ਰੋਕਥਾਮ ਐਕਟ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ : ਡਿਪਟੀ ਕਮਿਸ਼ਨਰ

ਜਲੰਧਰ, (ਸ਼ੈਲੀ ਐਲਬਰਟ) ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਬੁੱਧਵਾਰ ਨੂੰ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਦੇ ਮਾਮਲਿਆਂ ਵਿੱਚ ਜਲਦ ਨਿਆਂ ਨੂੰ ਯਕੀਨੀ ਬਣਾਇਆ ਜਾ ਸਕੇ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਐਕਟ ਤਹਿਤ ਦਰਜ ਹਰੇਕ ਮਾਮਲੇ ਦੀ ਜਾਂਚ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹੀ ਜਾਣੀ ਚਾਹੀਦੀ ਹੈ ਅਤੇ ਅਜਿਹੇ ਕੇਸ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਪੀੜਤਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਨਿਆਂ ਪ੍ਰਾਪਤ ਹੋ ਸਕੇ।

ਉਨ੍ਹਾਂ ਦੱਸਿਆ ਕਿ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ ਸ਼ਿਕਾਇਤ ਦਰਜ ਕਰਵਾਉਣ ਵਾਲਾ ਕੋਈ ਵੀ ਵਿਅਕਤੀ ਐਕਟ ਦੀਆਂ ਵੱਖ-ਵੱਖ ਧਰਾਵਾਂ ਤਹਿਤ ਐਫ.ਆਈ.ਆਰ. ਦਰਜ ਹੋਣ ਉਪਰੰਤ ਮੁਆਵਜ਼ੇ ਲਈ ਯੋਗ ਹੈ। ਉਨ੍ਹਾਂ ਮੀਟਿੰਗ ਵਿੱਚ ਸ਼ਾਮਲ ਕਮਿਸ਼ਨਰੇਟ ਪੁਲਸ ਅਤੇ ਦਿਹਾਤੀ ਪੁਲਸ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਜਿਵੇਂ ਹੀ ਅੱਤਿਆਚਾਰ ਰੋਕਥਾਮ ਐਕਟ ਤਹਿਤ ਕੇਸ ਦਰਜ ਹੁੰਦਾ ਹੈ, ਇਸ ਸਬੰਧੀ ਤੁਰੰਤ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰ ਅਤੇ ਜ਼ਿਲ੍ਹਾ ਅਟਾਰਨੀ ਤੋਂ ਇਲਾਵਾ ਡਿਪਟੀ ਕਮਿਸ਼ਨਰ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਪੀੜਤ ਵਿਅਕਤੀ ਨੂੰ ਜਲਦ ਮੁਆਵਜ਼ਾ ਦੇਣ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਇਸ ਐਕਟ ਦੀਆਂ ਧਰਾਵਾਂ ਤਹਿਤ ਪ੍ਰਵਾਨਿਤ ਸਾਰੇ ਕੇਸਾਂ ਵਿੱਚ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ੇ ਦੀ ਜਲਦ ਵੰਡ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ। ਇਸ ਦੌਰਾਨ ਪੁਲਿਸ ਵੱਲੋਂ ਦਰਜ ਕੀਤੇ ਕੇਸਾਂ ਅਤੇ ਜ਼ਿਲ੍ਹਾ ਅਟਾਰਨੀ ਵੱਲੋਂ ਲੜੇ ਜਾ ਰਹੇ ਕੇਸਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰ ਸੰਜੀਵ ਕੁਮਾਰ ਮੰਨਨ ਆਦਿ ਮੌਜੂਦ ਸਨ।

ਮਨਰੇਗਾ ਵਰਕਰਾਂ ਵੱਲੋਂ ਏ ਡੀ ਸੀ ਦੇ ਦਫਤਰ ਅੱਗੇ ਰੋਹ ਭਰਪੂਰ ਧਰਨਾ

ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)- ਮਨਰੇਗਾ ਵਰਕਰਜ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਹੁਸ਼ਿਆਰਪੁਰ ਦੇ ਦਫਤਰ ਅਗੇ ਰੋਹ ਭਰਭੂਰ ਧਰਨਾ ਦਿੱਤਾ ਗਿਆ। ਇਸ ਮੌਕੇ ਮਨਰੇਗਾ ਸਕੀਮ ਅਧੀਨ ਕੰਮ ਕਰਦੇ ਮੇਹਟ ਅਤੇ ਵਰਕਰ ਵੱਖ - ਵੱਖ ਪਿੰਡਾਂ ਤੋਂ ਵਹੀਕਲ ਕਰਕੇ ਜੱਥੇਬੰਦੀ ਦੇ ਬੈਨਰ ਚੁੱਕੀ ਕੇਂਦਰ ਤੇ ਸੂਬਾ ਸਰਕਾਰ ਦੇ ਖਿਲਾਫ ਨਾਹਰੇ ਮਾਰਦੇ ਧਰਨੇ ਵਿੱਚ ਸ਼ਾਮਲ ਹੋਏ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲਸ ਮੁਲਾਜਮਾਂ ਵਲੋਂ ਵਧੀਕ ਡਿਪਟੀ ਕਮਿਸ਼ਨਰ ਦੇ ਹੁਕਮਾਂ ਤਹਿਤ ਏ.ਡੀ.ਸੀ ਦਫਤਰ ਦੇ ਦੋਵੇਂ ਗੇਟ ਬੰਦ ਕਰ ਦਿੱਤੇ ਗਏ ਅਤੇ ਧਰਨਾਕਾਰੀ ਨੂੰ ਬੀ.ਡੀ.ਪੀ.ਓ. ਵਾਲੇ ਗੇਟ 'ਤੇ ਹੀ ਰੋਕ ਲਿਆ ਗਿਆ। ਇਸ ਮੌਕੇ ਪੁਲਸ ਨਾਲ ਹਲਕੀ ਧੱਕਾ ਮੁੱਕੀ ਤੋਂ ਬਾਅਦ ਧਰਨਾਕਾਰੀ ਵਲੋਂ ਰੋਹ ਵਿੱਚ ਆ ਕੇ ਗੇਟ ਅੱਗੇ ਹੀ ਧਰਨਾ ਲਗਾ ਦਿੱਤਾ ਗਿਆ ਅਤੇ ਏ.ਡੀ.ਸੀ. ਦਾ ਖੂਬ ਪਿਟ ਸਿਆਪਾ ਕੀਤਾ। ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਮਲਾ ਦੇਵੀ, ਕੈਸ਼ੀਅਰ ਕਮਲੇਸ਼ ਕੌਰ, ਪ੍ਰੈਸ ਸਕੱਤਰ ਦਵਿੰਦਰ ਕੌਰ, ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਨੌਜਵਾਨ ਆਗੂ ਧਰਮਿੰਦਰ ਹਾਜੀਪੁਰ, ਸਰਪੰਚ ਯੂਨੀਅਨ ਦੇ ਆਗੂ ਦੀਪਕ ਠਾਕੁਰ, ਬਲਾਕ ਪ੍ਰਧਾਨ ਬਲਵਿੰਦਰ ਕੌਰ, ਸਤਿਆ ਦੇਵੀ, ਰਖਸ਼ਾ ਦੇਵੀ, ਵਰਿੰਦਰ ਕੌਰ, ਸੁਰਿੰਦਰ ਕੌਰ, ਅਨੀਤਾ ਦੇਵੀ ਅਤੇ ਪ੍ਰਮਜੀਤ ਕੌਰ ਅਤੇ ਪੈਨਸ਼ਨਰਜ ਆਗੂ ਮਨਜੀਤ ਸਿੰਘ ਸੈਣੀ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਏ.ਡੀ.ਸੀ. ਦੇ ਤਾਨਾਸ਼ਾਹ ਵਤੀਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਆਗੂਆਂ ਆਖਿਆ ਕਿ ਮਨਰੇਗਾ ਸਕੀਮ ਅਧੀਨ ਕੰਮ ਕਰਦੇ ਵਰਕਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ। ਵਰਕਰਾਂ ਦੇ ਰੋਹ ਨੂੰ ਵੇਖਦਿਆਂ ਏ.ਡੀ.ਸੀ. ਨੇ ਧਰਨੇ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਜੱਥੇਬੰਦੀ ਨੂੰ 28 ਸਤੰਬਰ ਸਵੇਰੇ 11.00 ਵੱਜੇ ਅਪਣੇ ਦਫਤਰ ਮੀਟਿੰਗ ਦਾ ਸਮਾਂ ਦਿੱਤਾ। ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਸੋਹਣ ਲਾਲ, ਰੇਨੂ ਬਾਲਾ, ਦਵਿੰਦਰ ਟੋਟੇ, ਦੌਲਤ ਰਾਮ, ਵਿਜੇ ਸੀਪਰੀਆਂ, ਮੀਨਾ ਰਾਣੀ, ਸਤਪਾਲ ਲੱਠ, ਮਲਕੀਤ ਬਾਹੋਵਾਲ, ਪਵਨ ਕੁਮਾਰ ਆਦਿ ਨੇ ਵੀ ਸੰਬੋਧਨ ਕੀਤਾ।

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਾਇਬ ਤਹਿਸੀਲਦਾਰ ਦੇ ਦਫਤਰ ਮੂਹਰੇ ਧਰਨਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੇ ਸੱਦੇ ਦੇ ਤਹਿਤ ਨੂਰਮਹਿਲ ਇਤਿਹਾਸਕ ਸਰਾਂ ਦੇ ਮੂਹਰੇ ਮਜਦੂਰ ਇਕੱਠੇ ਹੋਏ ਅਤੇ ਮਾਰਚ ਕਰਦੇ ਹੋਏ ਨਾਇਬ ਤਹਿਸੀਲਦਾਰ ਨੂਰਮਹਿਲ ਦੇ ਦਫਤਰ ਵਿਖੇ ਧਰਨਾ ਦਿੱਤਾ ਗਿਆ। ਮਜਦੂਰ ਮੰਗਾਂ ਦੇ ਸਬੰਧ ਵਿੱਚ ਮੁੱਖ ਮੰਤਰੀ ਪੰਜਾਬ ਦੇ ਨਾਂਅ 'ਤੇ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਪੰਜ ਪੰਜ ਮਰਲੇ ਦੇ ਪਲਾਟ, ਮਕਾਨ ਉਸਾਰੀ ਲਈ ਗਰਾਂਟ, ਮਨਰੇਗਾ ਮਜਦੂਰਾਂ ਨੂੰ 100 ਦਿਨ ਕੰਮ, ਦਿਹਾੜੀ 1000 ਰੁਪਏ ਕੀਤੀ ਜਾਵੇ। ਲਾਲ ਲੀਕ ਵਾਲੇ ਮਕਾਨਾਂ ਅਤੇ ਕਬਜੇ ਵਾਲੀਆਂ ਸ਼ਾਮਲਾਤ ਜਮੀਨਾਂ ਦੇ ਮਾਲਕੀ ਹੱਕ ਦਿੱਤੇ ਜਾਣ। ਸਰਕਾਰੀ ਤੇ ਗੈਰ ਸਰਕਾਰੀ ਸਾਰੇ ਕਰਜੇ ਮਜਦੂਰਾਂ ਦੇ ਮੁਆਫ ਕੀਤੇ ਜਾਣ। ਪੰਚਾਇਤੀ ਜਮੀਨਾਂ ਵਿੱਚੋਂ ਤੀਜੇ ਹਿੱਸੇ ਦੀ ਜਮੀਨ ਸਸਤੇ ਰੇਟ 'ਤੇ ਦਿੱਤੀ ਜੀਵੇ। ਚਿੱਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਅਧੂਰੀ ਬਿਲਡਿੰਗ ਪੂਰੀ ਕੀਤੀ ਜਾਵੇ ਅਤੇ ਨੂਰਮਹਿਲ ਦਾ ਸਰਕਾਰੀ ਸਕੂਲ ਚਾਲੂ ਕੀਤਾ ਜਾਵੇ।

ਇਨ੍ਹਾਂ ਮੰਗਾਂ ਸਬੰਧੀ ਬੁਲਾਰਿਆਂ ਨੇ ਵਿਚਾਰ ਚਰਚਾ ਕੀਤੀ। ਸਾਥੀ ਹੰਸ ਰਾਜ ਪੱਬਵਾ, ਚੰਨਣ ਸਿੰਘ ਕੰਧੋਲਾ, ਨਿਰਮਲ ਸਿੱਧਮ, ਜੁਗਿੰਦਰਪਾਲ ਸੁੰਨੜਕਲਾ, ਜਸਵਿੰਦਰ ਹਰਦੋਫਰਾਲਾ, ਰਾਮ ਕਿਸ਼ਨ ਸਰਹਾਲੀ, ਕੁਲਦੀਪ ਭੰਗਾਲਾ,ਜੀਤ ਸਿੰਘ ਸਮਰਾ, ਸੇਵਾ ਰਾਮ, ਸੱਤ ਨਾਮ ਸੱਤਾ, ਸਾਬਕਾ ਸਰਪੰਚ ਕੁਲਵੰਤ ਕੌਰ, ਬੀਬੀ ਮਨਜੀਤ ਕੌਰ, ਬੀਬੀ ਰਜਨੀ ਆਦਿ ਨੇ ਰੋਸ ਧਰਨੇ ਦੀ ਅਗਵਾਈ ਕੀਤੀ।

ਨਾਟਕ ਤੇ ਫਿਲਮਾਂ ਦਾ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ : ਰਾਣਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) - ਇਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਵਲੋਂ ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਕਹਾਣੀਕਾਰ ਰਮੇਸ਼ ਬੇਧੜਕ (ਰਹੇਲੀ) ਦੀ ਕਹਾਣੀ 'ਰੱਖੜੀ' ਦੇ ਪ੍ਰਸਾਰਣ ਉਪਰੰਤ ਇਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਦੇ ਨਾਲ ਪੀ.ਡੀ.ਜੀ. ਐਲੀ ਅਸ਼ੋਕ ਪੁਰੀ, ਐਲੀ ਐਡਵੋਕੇਟ ਐਸ.ਪੀ.ਰਾਣਾ, ਐਲੀ ਸੁਮੇਸ਼ ਕੁਮਾਰ ਅਤੇ ਫਿਲਮ ਡਿਸਟ੍ਰੀਬਿਊਸ਼ਨ ਨਾਲ ਸੰਬਧਿਤ ਰਵਿੰਦਰ ਮੁੰਨਾ ਨੇ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਰਮੇਸ਼ ਬੇਧੜਕ ਨੇ ਕਹਾਣੀ 'ਰੱਖੜੀ' ਨਾਲ ਜੁੜੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ ਕਿ ਸਮਾਜ ਵਿੱਚ ਕੁੜੀਆਂ ਤੇ ਮੁੰਡਿਆਂ ਦੇ ਅੰਤਰ ਨੂੰ ਅੱਜ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਜੋ ਕਿ ਤਿੰਨ ਦਹਾਕੇ ਪਹਿਲਾਂ ਬਹੁਤ ਹੀ ਭਖਵਾਂ ਵਿਸ਼ਾ ਸੀ। ਉਨ੍ਹਾਂ ਇਸ ਫਾਸਲੇ ਨੂੰ ਦੂਰ ਕਰਨ ਲਈ ਕਹਾਣੀ 'ਰੱਖੜੀ' ਦੀ ਰਚਨਾ ਕੀਤੀ। ਇਸ ਮੌਕੇ 'ਤੇ ਉਨਾਂ ਸ਼੍ਰੀ ਗਰੇਸਾ ਫਿਲਮਜ਼ ਵਲੋਂ ਅਸ਼ੋਕ ਪੁਰੀ ਦੇ ਨਿਰਦੇਸ਼ਨ ਹੇਠ ਤਿਆਰ ਕੀਤੀ ਇਸ ਫਿਲਮ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ 'ਤੇ ਅਸ਼ੋਕ ਪੁਰੀ ਦੇ ਨਾਲ ਫਿਲਮ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ

21-Sep-PAGE- 9 qxd.qxd 9/20/2023 10:36 PM Page 1

ਮੋਦੀ ਸਰਕਾਰ ਦੀਆਂ ਕਿਸਾਨ ਤੇ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਤਿੱਖਾ ਸੰਘਰਸ਼ ਕੀਤਾ ਜਾਵੇਗਾ : ਤਪਨਸੇਨ, ਹੇਮਲਤਾ

ਮੁਹਾਲੀ, (ਗੁਰਜੀਤ ਬਿੱਲਾ)-ਸੀਟੂ ਵਲੋਂ ਮੋਦੀ ਸਰਕਾਰ ਦੀਆਂ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਦੇਸ਼ ਪੱਧਰੀ ਨੀਤੀਆਂ ਵਿਰੁੱਧ ਸਾਂਝੇ ਸੰਘਰਸ਼ ਕੀਤੇ ਜਾਣਗੇ ਜਿਸ ਲਈ ਦੇਸ਼ ਪੱਧਰ 'ਤੇ ਸਾਂਝੀਆਂ ਕਨਵੈਨਸ਼ਨਾਂ ਕਰਕੇ ਪ੍ਰੋਗਰਾਮ ਉਲੀਕੇ ਜਾਣਗੇ। 26 ਨਵੰਬਰ ਤੋਂ 28 ਨਵੰਬਰ ਤਿੰਨ ਰੋਜ਼ਾ ਮਹਾਂ ਪੜਾਓ (ਦਿਨ ਰਾਤ ਦਾ ਧਰਨਾ) ਸਾਂਝਾ ਮਜ਼ਦੂਰ ਕਿਸਾਨ ਮੋਰਚੇ ਵੱਲੋਂ ਲਗਾਇਆ ਜਾਵੇਗਾ ਅਤੇ ਮੋਦੀ ਸਰਕਾਰ ਦਾ ਕਾਰਪੋਰੇਟੀ ਪੱਖੀ ਚਿਹਰਾ ਨੰਗਾ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਟੂ ਦੇ ਆਲ ਇੰਡੀਆ ਜਨਰਲ ਸਕੱਤਰ-ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸੀ.ਪੀ.ਆਈ. (ਐਮ) ਦੇ ਪੋਲਿਟ ਮੈਂਬਰ ਤਪਨਸੇਨ ਅਤੇ ਪ੍ਰਧਾਨ ਹੇਮ ਲਤਾ ਨੇ ਕੀਤਾ। ਸੀਟੂ ਦੇ ਆਲ ਇੰਡੀਆ ਆਗੂ ਅੱਜ ਇੱਥੇ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਦੇ ਸੂਬਾ ਸਕੱਤਰੇਤ ਦੀ ਮੀਟਿੰਗ ਵਿੱਚ ਭਾਗ ਲੈਣ ਲਈ ਆਏ ਹੋਏ ਸਨ। ਉਨ੍ਹਾਂ ਕਿਹਾ ਕਿ ਮੋਦੀ ਦੇ 9 ਸਾਲਾਂ ਰਾਜ ਦੌਰਾਨ ਗਰੀਬੀ ਤੇ ਬੇਰੁਜ਼ਗਾਰੀ ਦਾ ਵਾਧਾ ਸਾਰੇ ਰਿਕਾਰਡ ਤੋੜ ਗਿਆ ਹੈ। ਮਜ਼ਦੂਰਾਂ ਲਈ ਨਾਮਾਤਰ ਸਹੂਲਤਾਂ ਦੇਣ ਵਾਲੀਆਂ ਭਲਾਈ ਸਕੀਮਾਂ ਦਾ ਭੋਗ ਪਾ ਦਿੱਤਾ ਗਿਆ ਹੈ। ਪੈਨਸ਼ਨ ਵਿੱਚ ਕੋਈ ਵਾਧਾ ਨਹੀ ਕੀਤਾ ਜਾ ਰਿਹਾ। ਜਨਤਕ ਖੇਤਰ ਦਾ ਨਿੱਜੀਕਰਨ ਕਰ ਦਿੱਤਾ ਹੈ, ਹਰ ਪਾਸੇ ਗੁਲਾਮੀ ਵਾਲੀ ਠੇਕੇਦਾਰ ਮਜ਼ਦੂਰ ਪ੍ਰਣਾਲੀ ਦਾ ਬੋਲਬਾਲਾ ਹੈ। ਨਰੇਗਾ ਲਈ ਰਕਮ 'ਚ ਭਾਰੀ ਕਟੌਤੀ ਕਰ ਦਿੱਤੀ ਹੈ, ਪ੍ਰਾਵੀਡੈਂਟ ਫੰਡ ਉੱਤੇ ਵਿਆਜ ਤੈਅ ਕਰਨ ਉੱਤੇ ਰੋਕ ਲਾ ਦਿੱਤੀ ਹੈ। ਇਸ ਪਿਛੋਕੜ 'ਚ ਮਜ਼ਦੂਰਾਂ-ਕਿਸਾਨਾਂ ਦੇ ਤਿੱਖੇ ਘੋਲਾਂ ਤੋਂ ਇਲਾਵਾ 28 ਰਾਜਸੀ ਪਾਰਟੀਆਂ ਵਲੋਂ ਫਿਰਕੂ ਅਤੇ ਤਾਨਾਸ਼ਾਹ ਮੋਦੀ ਸਰਕਾਰ ਨੂੰ ਹਰਾਉਣ ਲਈ ਬਣੇ ਇੰਡੀਆ ਗਠਜੋੜ ਦੀਆਂ ਸੀਮਾਵਾਂ ਦੇ ਬਾਵਜੂਦ ਸੀਟੂ ਵਲੋਂ ਸਵਾਗਤ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸੇ ਤਰਜ਼ ਉੱਤੇ ਪੰਜਾਬ ਵਿੱਚ ਵੀ ਭਾਜਪਾ ਅਤੇ ਪੁਰਾਣੇ ਤੋਂ ਨਵੇਂ ਸਾਥੀਆਂ ਨੂੰ ਲੋਕਾਂ ਵਿੱਚੋਂ ਨਿਖੇੜਨ ਲਈ ਸੀਟੂ ਵਲੋਂ ਪੂਰਾ ਤਾਣ ਲਾਇਆ ਜਾਵੇਗਾ। ਉਨ੍ਹਾਂ 28 ਪਾਰਟੀਆਂ ਦੇ ਸਾਂਝੇ ਮੁਹਾਜ਼ ਤੋਂ ਮੰਗ ਕੀਤੀ ਕਿ ਉਹ ਚਾਰ ਮਜ਼ਦੂਰ ਵਿਰੋਧੀ ਲੇਬਰ ਕੋਡ ਰੱਦ ਕਰਨ ਦੀ ਮੰਗ ਵੀ ਰੱਖੇ। ਸੀਟੂ ਦੀ ਆਂਗਣਵਾੜੀ ਦੀ ਆਲ ਇੰਡੀਆ ਪ੍ਰਧਾਨ ਭੈਣ ਊਸ਼ਾ ਰਾਣੀ ਨੇ ਕਿਹਾ ਕਿ ਮੋਦੀ ਰਾਜ 'ਚ ਕਰੋੜਾਂ ਇਸਤਰੀ ਮੁਲਾਜ਼ਮਾਂ ਆਂਗਣਵਾੜੀ, ਆਸ਼ਾ ਵਰਕਰ, ਮਿਡ-ਡੇ-ਮੀਲ ਵਰਕਰਜ਼ ਆਦਿ ਦਾ ਸ਼ੋਸ਼ਣ, ਵਿਤਕਰਾ ਅਤੇ ਜਬਰ ਸਾਰੇ ਹੱਦਾਂ ਬੰਨੇ ਟੱਪ ਗਿਆ ਹੈ। ਇਸ ਲਈ ਕਿੱਤਾਵਾਰ ਸੰਘਰਸ਼ਾਂ ਤੋਂ ਇਲਾਵਾ ਮਜ਼ਦੂਰਾਂ-ਕਿਸਾਨਾਂ ਦੇ ਸਾਂਝੇ ਸੰਘਰਸ਼ ਅੱਜ ਦੀ ਇਤਿਹਾਸਕ ਲੋੜ ਹੈ।

ਸੀਟੂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੋੜੀ ਅਤੇ ਜਨਰਲ ਸਕੱਤਰ ਚੰਦਰ ਸ਼ੇਖਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ 12 ਸਾਲਾਂ ਤੋਂ ਲਮਕਦੀ ਆ ਰਹੀ ਘੱਟੋ-ਘੱਟ ਉਜਰਤ ਦਾ ਫੌਰੀ ਵਾਧਾ ਕਰੇ, ਨਿਰਮਾਣ ਮਜ਼ਦੂਰਾਂ ਦੇ ਕਲੇਮਾਂ ਦੀ ਫੌਰੀ ਅਦਾਇਗੀ ਕਰੋ, ਮਨਰੇਗਾ ਮਜ਼ਦੂਰਾਂ ਨੂੰ ਸਾਲ 'ਚ 200 ਦਿਨ ਕੰਮ ਅਤੇ 700 ਰੁਪਏ ਦਿਹਾੜੀ ਯਕੀਨੀ ਬਣਾਵੇ, ਆਸ਼ਾ ਵਰਕਰਾਂ, ਪੇਂਡੂ ਚੌਕੀਦਾਰ, ਮਿਡ-ਡੇ-ਮੀਲ ਵਰਕਰਾਂ ਲਈ ਸਰਕਾਰੀ ਉਜਰਤਾਂ ਦੇਣਾ ਸੁਨਿਸਚਤ ਕਰੋ, ਸਾਰੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ 'ਚ ਖਾਲੀ ਅਸਾਮੀਆਂ ਦੀ ਭਰਤੀ ਕਰੋ, ਟਰਾਂਸਪੋਰਟ ਵਿਭਾਗ ਅਤੇ ਹੋਰਨਾਂ ਅਦਾਰਿਆਂ ਵਿੱਚੋਂ ਗੈਰ ਕਾਨੂੰਨੀ ਠੇਕੇਦਾਰ ਮਜ਼ਦੂਰ ਪ੍ਰਣਾਲੀ ਦਾ ਖਾਤਮਾ ਕਰੋ, ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਦਾ ਨਿਯਮ ਲਾਗੂ ਕਰੇ।

ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਦੀ ਲਗਾਤਾਰ ਮੁਹਿੰਮ ਚਲਾਉਣ, ਪੜਾਅਵਾਰ ਸੰਘਰਸ਼ ਨੂੰ ਤੇਜ਼ ਮਰਨ ਅਤੇ ਸਾਰੀਆਂ ਗੈਰ-ਫਿਰਕੂ ਮਜਦੂਰ ਜਥੇਬੰਦੀਆਂ ਨਾਲ ਮੁਹਾਜ਼ ਬਣਾ ਕੇ ਲੜਾਈ ਨੂੰ ਅੱਗੇ ਵਧਾਉਣ ਦੀ ਠੋਸ ਵਿਉਂਤਬੰਦੀ ਕੀਤੀ ਜਾਵੇਗੀ।

ਐੱਕਸ-ਰੇ ਕਰਵਾਉਣ ਲਈ ਮਰੀਜ਼ਾਂ ਨੂੰ ਹੋਣਾ ਪੈ ਰਿਹਾ ਹੈ ਖੱਜਲ-ਖੁਆਰ

ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)-ਬਦਲਾਅ ਦਾ ਨਿਸਚਾ ਧਾਰ ਕੇ ਆਈ ਆਪ ਸਰਕਾਰ ਦੇ ਰਾਜ ਦਾ ਡੇਢ ਵਰ੍ਹਾ ਬੀਤਣ ਤੋਂ ਬਾਅਦ ਵੀ ਚਮਕੌਰ ਸਾਹਿਬ ਦੇ ਹਸਪਤਾਲ ਦੇ ਹਾਲਤ ਬਦਲ ਨਹੀਂ ਸਕੇ ਹਨ। ਹਸਪਤਾਲ ਵਿੱਚਲੀਆਂ ਸਹੂਲਤਾਂ ਵਿੱਚ ਹੋਰ ਮਿਸਾਲੀ ਵਾਧਾ ਤਾਂ ਕੀ ਹੋਣਾ ਸੀ ਬਲਕਿ ਐਕਸ-ਰੇ ਵਰਗੇ ਸਾਧਾਰਨ ਟੈਸਟ ਲਈ ਮਸ਼ੀਨ ਤਾਂ ਹੈ, ਪਰ ਐਕਸ-ਰੇ ਰੀਅਲਾਂ ਨਾ ਹੋਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸੇ ਕਾਰਨ ਲੋਕ ਨਿੱਜੀ ਲੈਬਾਂ ਵਿੱਚ ਐਕਸ ਰੇ ਕਰਵਾ ਕੇ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਚਮਕੌਰ ਸਾਹਿਬ ਦਾ ਇਹ ਮੁੱਢਲਾ ਸਿਹਤ ਕੇਂਦਰ ਤਹਿਸੀਲ ਦਾ ਇੱਕੋ ਇੱਕ ਸਰਕਾਰੀ ਹਸਪਤਾਲ ਹੈ , ਜਿੱਥੇ ਕਿ ਲੋਕ ਇਲਾਜ ਲਈ ਬੜੀ ਆਸ ਨਾਲ ਪੁੱਜਦੇ ਹਨ।

ਇੱਕ ਪਾਸੇ ਤਾਂ ਸਰਕਾਰ ਆਮ ਆਦਮੀ ਕਲੀਨਕ ਖੋਲ੍ਹ ਇਸ ਨੂੰ ਵੱਡੀ ਪ੍ਰਾਪਤੀ ਦੱਸ ਰਹੀ ਹੈ, ਪਰ ਦੂਜੇ ਪਾਸੇ ਤਹਿਸੀਲ ਪੱਧਰ ਦਾ ਹਸਪਤਾਲ ਜਿੱਥੇ ਕਿ ਸੀ ਟੀ ਸਕੈਨ ਅਤੇ ਐਮ ਆਰ ਆਈ ਟੈਸਟਾਂ ਜਿਹੀਆਂ ਸਹੂਲਤਾਂ ਮੁਫਤ ਜਾਂ ਸਸਤੇ ਰੇਟਾਂ ਵਿੱਚ ਮਿਲਣੀਆਂ ਚਾਹੀਦੀਆਂ ਹਨ, ਵਿੱਚ ਐਕਸ-ਰੇ ਜਿਹੇ ਦੀ ਸਹੂਲਤ ਨਾ ਹੋਣਾ ਲੋਕਾਂ ਨੂੰ ਅਸਲੀਅਤ ਦੇ ਰੂਬਰੂ ਕਰਵਾ ਰਿਹਾ ਹੈ। ਇਸ ਸੰਬੰਧੀ ਗੱਲ ਕਰਦਿਆਂ ਸਮਾਜ ਸੇਵੀ ਅਮਨਦੀਪ ਸਿੰਘ ਮਾਂਗਟ ਨੇ ਕਿਹਾ ਕਿ ਚਮਕੌਰ ਸਾਹਿਬ ਜਿਹੇ ਇਤਿਹਾਸਕ ਕਸਬੇ ਵਿੱਚ ਮਿਸਾਲੀ ਸਹੂਲਤਾਂ ਵਾਲਾ ਹਸਪਤਾਲ ਹੋਣਾ ਚਾਹੀਦਾ ਸੀ ਪਰ ਅਫਸੋਸ ਦੀ ਗੱਲ ਹੈ ਕਿ ਹਸਪਤਾਲ ਵਿੱਚ ਐਕਸ-ਰੇ ਕਰਵਾਉਣ ਲਈ ਮਰੀਜ਼ਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਤੋਂ ਇਸ ਪਾਸੇ ਧਿਆਨ ਦੇਣ ਦੀ ਮੰਗ ਕੀਤੀ ਹੈ । ਦੂਜੇ ਪਾਸੇ ਜਦੋਂ ਸੀਨੀਅਰ ਮੈਡੀਕਲ ਅਫਸਰ ਡਾ. ਗੋਬਿੰਦ ਟੰਡਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਹਸਪਤਾਲ ਕੋਲ ਬਜਟ ਹੀ ਨਹੀਂ ਹੈ , ਜਿਸ ਕਰਕੇ ਐਕਸ ਰੇ ਰੀਅਲਾਂ ਨਾ ਹੋਣ ਕਾਰਨ ਐਕਸ-ਰੇ ਨਹੀਂ ਹੋ ਰਹੇ ਅਤੇ ਇਸ ਸਬੰਧੀ ਉਹ ਉੱਚ ਅਧਿਕਾਰੀਆਂ ਨੂੰ ਦੱਸ ਚੁੱਕੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਹਸਪਤਾਲ ਨੂੰ ਹੋਰ ਵੱਡਾ ਬਣਾਉਣ ਲਈ ਨਵੀਂ ਇਮਾਰਤ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾਹੈ ।

ਜਵਾਨ ਦੀ ਸ਼ਹਾਦਤ 'ਤੇ ਮੁੱਖ ਮੰਤਰੀ ਨੇ ਦੁੱਖ ਪ੍ਰਗਟਾਇਆ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਨੰਤਨਾਗ 'ਚ ਹਾਲ ਹੀ 'ਚ ਹੋਏ ਅਤਿਵਾਦੀ ਹਮਲੇ ਦੌਰਾਨ ਸੂਬੇ ਨਾਲ ਸਬੰਧਤ ਭਾਰਤੀ ਫੌਜ ਦੇ ਇਕ ਹੋਰ ਜਵਾਨ ਦੀ ਸ਼ਹਾਦਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇੱਥੇ ਜਾਰੀ ਇੱਕ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਫੌਜ ਦਾ ਜਵਾਨ ਪਰਦੀਪ ਸਿੰਘ ਅਨੰਤਨਾਗ 'ਚ ਅਤਿਵਾਦੀ ਹਮਲੇ ਦੇ ਬਾਅਦ ਤੋਂ ਲਾਪਤਾ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਸਮਾਣਾ ਨਾਲ ਸਬੰਧਤ ਪਰਦੀਪ ਸਿੰਘ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣੀ ਡਿਊਟੀ ਨਿਭਾਉਂਦਿਆਂ ਸ਼ਹੀਦ ਹੋਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੇਸ਼ ਲਈ ਖਾਸ ਤੌਰ 'ਤੇ ਪਰਵਾਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਮੁੱਖ ਮੰਤਰੀ ਨੇ ਸ਼ਹੀਦ ਪਰਦੀਪ ਸਿੰਘ ਦੇ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਪੀੜਤ ਪਰਵਾਰ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਪਰਦੀਪ ਸਿੰਘ ਨੇ ਦੇਸ਼ ਦੀ ਅਖੰਡਤਾ ਦੀ ਰਾਖੀ ਲਈ ਬਹਾਦਰੀ ਨਾਲ ਆਪਣੀ ਡਿਊਟੀ ਨਿਭਾਈ ਅਤੇ ਪੰਜਾਬ ਦੀ ਸ਼ਾਨਾਮੱਤੀ ਰਵਾਇਤ ਨੂੰ ਕਾਇਮ ਰੱਖਿਆ। ਮਾਨ ਨੇ ਕਿਹਾ ਕਿ ਸ਼ਹੀਦ ਪਰਦੀਪ ਸਿੰਘ ਦਾ ਬਲੀਦਾਨ ਉਸ ਦੇ ਸਾਥੀ ਸੈਨਿਕਾਂ ਅਤੇ ਹੋਰ ਨੌਜਵਾਨਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਸਮਰਪਣ ਨਾਲ ਨਿਭਾਉਣ ਲਈ ਪ੍ਰੇਰਿਤ ਕਰੇਗਾ।

ਸੀਚੇਵਾਲ ਵੱਲੋਂ ਔਰਤਾਂ ਦੇ ਰਾਖਵੇਂਕਰਨ ਦੇ ਬਿੱਲ ਦਾ ਸਵਾਗਤ

ਸੁਲਤਾਨਪੁਰ ਲੋਧੀ,(ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਔਰਤਾਂ ਲਈ 33 ਫੀਸਦੀ ਰਾਖਵੇਂ ਕਰਨ ਬਾਰੇ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ ਦਾ ਜ਼ੋਰਦਾਰ ਸਵਾਗਤ ਕੀਤਾ ਹੈ। ਉਨ੍ਹਾ ਇੱਥੋ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਇਹ ਬਿੱਲ ਜਦੋਂ ਦੋਵੇਂ ਸਦਨਾਂ ਵਿੱਚੋਂ ਪਾਸ ਹੋ ਜਾਵੇਗਾ ਤਾਂ ਐਕਟ ਦੇ ਰੂਪ ਵਿੱਚ ਆਉਣ 'ਤੇ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਸਿੱਖ ਧਰਮ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਬਰਾਬਰ ਦਾ ਨਹੀਂ ਸਗੋਂ ਮਰਦ ਤੋਂ ਵੀ ਉਚਾ ਰੁਤਬਾ ਦਿੱਤਾ ਹੈ ਸੋ ਔਰਤਾਂ ਕਿਸੇ ਵੀ ਰੂਪ ਵਿੱਚ ਹੋਣ ਮਾਂ,ਭੈਣ,ਧੀ ਜਾਂ ਪਤਨੀ ਹਰ ਰਿਸ਼ਤੇ ਵਿੱਚ ਉਸ ਦਾ ਸਤਿਕਾਰ ਹੋਣਾ ਚਾਹੀਦਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੰਗ ਕੀਤੀ ਕਿ ਇਹ ਬਿੱਲ ਅਜੇ ਅਧੂਰਾ ਹੈ ਇਸ ਵਿਚਲੀ ਕਮੀਆਂ ਪੇਸ਼ੀਆਂ ਨੂੰ ਦੂਰ ਕਰਨ ਦੀ ਸਖ਼ਤ ਲੋੜ ਹੈ।

ਬਾਬਾ ਚੰਨੀ ਸ਼ਾਹ ਦੀ ਬਰਸੀ ਭਲਕੇ

ਆਦਮਪੁਰ (ਪਰਮਜੀਤ ਸਿੰਘ)-ਪੀਰ ਬਾਬਾ ਬੱਦੇ ਸ਼ਾਹ ਜੀ ਦਰਬਾਰ ਵਿਖੇ ਬਾਬਾ ਚੰਨੀ ਸ਼ਾਹ ਦੀ ਬਰਸੀ 21 ਸਤੰਬਰ ਨੂੰ ਪਧਿਆਣਾ ਨਹਿਰ 'ਤੇ ਸਥਿਤ ਦਰਬਾਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਬਾਬਾ ਬੱਦੇ ਸ਼ਾਹ ਦਰਬਾਰ ਦੇ ਗੱਦੀਨਸ਼ੀਨ ਸਾਈਂ ਹੈਪੀ ਸ਼ਾਹ ਪਧਿਆਣਾ ਨੇ ਦੱਸਿਆ ਕਿ ਬਰਸੀ ਸਮਾਗਮ ਵਾਲੇ ਦਿਨ ਮਹਿਫਲ ਏ ਕਵਾਲੀ ਦਾ ਆਗਾਜ਼ ਜ਼ਾਕਿਰ ਹੁਸੈਨ ਕਵਾਲ ਪਾਰਟੀ ਵਲੋਂ ਕੀਤਾ ਜਾਵੇਗਾ, ਇਸ ਦੌਰਾਨ ਇਸ਼ੂ ਨਵਾਂਸ਼ਹਿਰ ਨਕਾਲ ਪਾਰਟੀ ਵਲੋਂ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ, ਮਸ਼ਹੂਰ ਪੰਜਾਬੀ ਗਾਇਕ ਮਿੰਟੂ ਹੇਅਰ ਅਤੇ ਦਰਸ਼ਨ ਲੱਖਾ ਸੱਭਿਆਚਾਰਕ ਅਤੇ ਸੂਫੀ ਗਾਇਕੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਟੇਜ ਸਕੱਤਰ ਦੀ ਭੂਮਿਕਾ ਕੁਲਦੀਪ ਕੋਟਲਾ ਵਲੋਂ ਨਿਭਾਈ ਜਾਵੇਗੀ।

ਜੁਵੇਨਾਈਲ/ਓਵਜ਼ਰਵੇਸ਼ਨ ਹੋਮ ਵਿਖੇ ਜਾਗਰੂਕਤਾ ਸੈਮੀਨਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਡਾਇਰੈਕਟਰ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ, ਕੋਮਲ ਮਿੱਤਲ ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ, ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਅਤੇ ਡਾ. ਹਰਪ੍ਰੀਤ ਕੌਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹੁਸ਼ਿਆਰਪੁਰ ਦੀ ਸਰਪ੍ਰਸਤੀ ਹੇਠ ਸਰਕਾਰੀ ਰੀਹੈਬਲੀਟੇਸ਼ਨ ਸੈਂਟਰ ਵਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਕਾਰਨਾਂ ਅਤੇ ਇਸ ਦੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਰਿਸੋਰਸ ਪਰਸਨ ਪ੍ਰਸ਼ਾਂਤ ਆਦਿਆ ਕਾਊਂਸਲਰ, ਰਜਵਿੰਦਰ ਕੌਰ ਕਾਊਂਸਲਰ ਨੇ ਬੱਚਿਆਂ ਨੂੰ ਨਸ਼ਾਖੋਰੀ ਦੇ ਕਾਰਨ, ਮਾੜੇ ਪ੍ਰਭਾਵ, ਨਸ਼ਾਖੋਰੀ ਦੇ ਸਰੀਰਕ, ਮਾਨਸਿਕ, ਆਰਥਿਕ, ਸਮਾਜਿਕ ਨੁਕਸਾਨ ਬਾਰੇ ਦੱਸਿਆ। ਇਸ ਮੌਕੇ ਕਾਊਂਸਲਰਜ਼ ਵਲੋਂ ਕਈ ਬੱਚਿਆਂ ਨਾਲ ਵਿਅਕਤੀਹਤ ਕਾਊਂਸਲਿੰਗ ਵੀ ਕੀਤੀ ਗਈ। ਇਸ ਮੌਕੇ ਉਤਮਪ੍ਰੀਤ ਸਿੰਘ ਫਾਰਮਾਸਿਸਟ ਤੇ ਹੋਰ ਸਟਾਫ ਹਾਜ਼ਰ ਸਨ।

ਕੁਲਵੰਤ ਸਿੰਘ ਵੱਲੋਂ ਜ਼ਿਲ੍ਹੇ 'ਚ 'ਸਵੱਛਤਾ ਹੀ ਸੇਵਾ' ਮੁਹਿੰਮ ਦੀ ਸ਼ੁਰੂਆਤ

ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ) - ਐਮ ਐਲ ਏ ਕੁਲਵੰਤ ਸਿੰਘ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਚਲਾਈ ਜਾਣ ਵਾਲੀ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਇਸ ਮੁਹਿੰਮ ਤਹਿਤ 2 ਅਕਤੂਬਰ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਅੰਤਰਗਤ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਇਸ ਪੰਦਰਵਾੜੇ ਅਧੀਨ ਪਿੰਡਾਂ ਵਿੱਚ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਅਲੱਗ ਅਲੱਗ ਵਿਭਾਗਾਂ ਦੇ ਅਧਿਕਾਰੀਆ ਨੂੰ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਦਿਹਾਤੀ ਵਿਕਾਸ ਤੇ ਕਾਰਜਾਂ ਨਾਲ ਸਬੰਧਤ ਸਮੂਹ ਵਿਭਾਗਾਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ 'ਚ ਸਬੰਧਤ ਪਿੰਡਾਂ ਦੇ ਵਸਨੀਕਾਂ ਨੂੰ ਜ਼ਰੂਰ ਹਿੱਸੇਦਾਰ ਬਣਾਇਆ ਜਾਵੇ ਤਾਂ ਜੋ ਪਿੰਡਾਂ 'ਚ ਸਾਫ ਸਫਾਈ ਅਤੇ ਜਲ ਨਿਕਾਸ ਨਾਲ ਸਬੰਧਤ ਮੁਸ

21-SEP-PAGE-10.qxd 9/20/2023 10:33 PM Page 1

ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ : ਕੋਕਰੀ

ਮੋਗਾ (ਅਮਰਜੀਤ ਬੱਬਰੀ) ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਬੱਸ ਸਟੈਂਡ ਵਿਖੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ , ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਡਿੰਪਲ ਰੁਹੇਲਾ ਵੱਲੋਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਨੋਟੀਫਿਕੇਸ਼ਨ ਦੇ 10 ਮਹੀਨੇ ਬੀਤ ਜਾਣ ਦੇ ਬਾਵਜੂਦ ਪੰਜਾਬ ਦੇ 01-01-2004 ਤੋਂ ਬਾਅਦ ਭਰਤੀ ਇੱਕ ਵੀ ਮੁਲਾਜ਼ਮ ਦਾ ਜੀਪੀਐਫ਼ ਖਾਤਾ ਨਹੀਂ ਖੋਲ੍ਹਿਆ, ਜਦਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸਨ ਲਾਗੂ ਕਰਨ ਸਬੰਧੀ ਆਪਣਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਲਾਜ਼ਮ ਪੰਜਾਬ ਦੀ ਦੋਗਲੀ ਨੀਤੀ ਕਾਰਨ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ। ਆਗੂਆਂ ਵੱਲੋਂ ਦੱਸਿਆ ਗਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਵੱਲੋਂ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 18 ਨਵੰਬਰ ਨੂੰ ਸੰਗਰੂਰ ਵਿਖੇ ਸਮੂਹਿਕ ਵਫ਼ਦ ਵੱਲੋਂ ਕਾਲੇ ਚੋਲੇ ਪਾ ਕੇ ਰੋਸ ਮਾਰਚ ਕੀਤਾ ਜਾਵੇਗਾ। ਇਸ ਦਿਨ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਪੂਰਾ ਇੱਕ ਸਾਲ ਹੋ ਜਾਣਾ ਹੈ। ਇਸ ਤੋਂ ਪਹਿਲਾਂ ਅਕਤੂਬਰ ਮਹੀਨੇ ਵਿੱਚ ਪੂਰੇ ਪੰਜਾਬ ਵਿੱਚ 'ਐਨ.ਪੀ.ਐੱਸ. ਕਟੌਤੀ ਬੰਦ ਕਰੋ, ਜੀ.ਪੀ.ਐਫ. ਕਟੌਤੀ ਸ਼ੁਰੂ ਕਰੋ' ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਜਿਸ ਅਨੁਸਾਰ ਬਲਾਕ, ਤਹਿਸੀਲ, ਡਿਪੂਆਂ, ਦਫ਼ਤਰ ਵਿੱਚ ਐਕਸ਼ਨ ਕੀਤੇ ਜਾਣਗੇ ਤੇ ਪੰਜਾਬ ਸਰਕਾਰ ਦੀਆਂ ਪੁਰਾਣੀ ਪੈਨਸ਼ਨ ਨਾ ਲਾਗੂ ਕਰਨ ਸਬੰਧੀ ਨੀਤੀਆਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। 22 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਬੱਸ ਸਟੈਂਡ ਮੋਗਾ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਕਰਕੇ 18 ਨਵੰਬਰ ਦੇ ਸੰਗਰੂਰ ਐਕਸ਼ਨ ਦੀ ਤਿਆਰੀ ਹੋਰ ਤੇਜ਼ ਕੀਤੀ ਜਾਵੇਗੀ।

ਆਗੂਆਂ ਵੱਲੋਂ ਦੱਸਿਆ ਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਅਧੀਨ ਐਨ.ਪੀ.ਐਸ. ਦੀ ਕਟੌਤੀ ਬੰਦ ਕਰਕੇ ਜੀ.ਪੀ.ਐਫ. ਦੀ ਕਟੌਤੀ ਵੀ ਸ਼ੁਰੂ ਕਰ ਦਿੱਤੀ ਹੈ, ਪਰ ਪੰਜਾਬ ਸਰਕਾਰ ਬੇਵਜ੍ਹਾ ਹੀ ਟਾਲ ਮਟੋਲ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਮੁਲਾਜ਼ਮ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ।

ਆਗੂਆਂ ਵੱਲੋਂ ਦੱਸਿਆ ਗਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਆਗੂਆਂ ਵੱਲੋਂ 1972 ਦੇ ਪੈਨਸ਼ਨ ਨਿਯਮਾਂ ਤੇ 01-01-2004 ਤੋਂ ਪਹਿਲਾਂ ਚੱਲਦੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰਨ ਦੀ ਗੱਲ ਤੱਥਾਂ ਤੇ ਦਸਤਾਵੇਜ਼ਾਂ ਸਮੇਤ ਰੱਖੀ ਸੀ। ਇਸ ਤੋਂ ਉਪਰੰਤ 22 ਅਗਸਤ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ, ਚੰਡੀਗੜ੍ਹ ਵਿਖੇ ਕੈਬਨਿਟ ਸਬ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਨਾਲ ਮੀਟਿੰਗ ਵਿੱਚ ਤੇ 31-08-2023 ਨੂੰ ਕੈਬਨਿਟ ਸਬ ਕਮੇਟੀ ਚੇਅਰਮੈਨ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਤੇ ਕਮੇਟੀ ਮੈਂਬਰ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਕੋਲ ਜਲਦੀ ਤੋਂ ਜਲਦੀ ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ ਵਿੱਚ ਲਾਗੂ ਕਰਨ ਤੇ ਐਨ.ਪੀ.ਐਸ. ਦੀ ਕਟੌਤੀ ਬੰਦ ਕਰਕੇ ਜੀਪੀਐਫ਼ ਕਟੌਤੀ ਸ਼ੁਰੂ ਕਰਨ ਮੰਗ ਜ਼ੋਰ ਦਾ ਢੰਗ ਨਾਲ ਰੱਖੀ ਗਈ।

ਇਸ ਸਮੇਂ ਸੁਰਿੰਦਰ ਸਿੰਘ ਮੋਗਾ, ਗੁਰਪ੍ਰੀਤ ਸਿੰਘ ਧੂੜ, ਗੁਰਦੀਪ ਮੁੱਲਾਂਪੁਰ, ਜੁਗਰਾਜ ਬੁੱਟਰ, ਕੁਲਵਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਮਾੜੀਮੇਘਾ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਨਾਹਰ ਸਿੰਘ ਸਮੇਤ ਆਗੂ ਹਾਜ਼ਰ ਸਨ।

ਕਿਸਾਨੀ ਮੰਗਾਂ ਸੰਬੰਧੀ ਡੀ.ਸੀ ਦਫ਼ਤਰ ਦਾ ਕੀਤਾ ਜਾਵੇਗਾ ਘਿਰਾਓ

ਮਾਨਸਾ (ਪਮਾਰ) ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਅਹਿਮ ਮੀਟਿੰਗ ਕ੍ਰਿਸ਼ਨ ਚੌਹਾਨ ਦੀ ਪ੍ਰਧਾਨਗੀ ਹੇਠ ਪੰਜਾਬ ਕਿਸਾਨ ਯੂਨੀਅਨ ਦੇ ਦਫ਼ਤਰ ਕਚਹਿਰੀ ਰੋਡ ਵਿਖੇ ਹੋਈ, ਜਿਸ ਵਿੱਚ ਮੋਰਚੇ ਦੇ ਸੱਦੇ 'ਤੇ 22 ਸਤੰਬਰ ਨੂੰ ਡੀ ਸੀ ਦਫ਼ਤਰਾਂ ਦੇ ਹੋਣ ਵਾਲੇ ਘਿਰਾਓ ਤੇ ਕਿਸਾਨੀ ਮੰਗਾਂ 'ਤੇ ਚਰਚਾ ਕੀਤੀ ਗਈ। ਸੰਬੋਧਨ ਕਰਦਿਆਂ ਰੁਲਦੂ ਸਿੰਘ ਮਾਨਸਾ, ਕੁਲਦੀਪ ਸਿੰਘ ਚੱਕ ਭਾਈਕੇ, ਪ੍ਰਸ਼ੋਤਮ ਗਿੱਲ, ਮਹਿੰਦਰ ਭੈਣੀ ਬਾਘਾ, ਅਮਰੀਕ ਫਫੜੇ, ਧੰਨਾ ਮੱਲ ਗੋਇਲ, ਭੋਲਾ ਸਿੰਘ ਮੌਜੋ ਤੇ ਅਵਤਾਰ ਸਿੰਘ ਮਲਕਪੁਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨਾਲ ਹੋਏ ਸਮਝੌਤਿਆਂ ਨੂੰ ਪੂਰਨ ਰੂਪ ਵਿੱਚ ਲਾਗੂ ਕਰਾਉਣ, ਸੰਘਰਸ਼ ਦੌਰਾਨ ਕਿਸਾਨਾਂ 'ਤੇ ਹੋਏ ਪਰਚੇ ਰੱਦ ਕਰਨ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੀ ਕਰਜ਼ਾ ਮੁਆਫ਼ੀ, ਐਮ ਐਸ ਪੀ, ਹੜ੍ਹਾਂ ਨੂੰ ਕੌਮੀ ਤੇ ਕੁਦਰਤੀ ਆਫਤ ਮੰਨ ਕੇ ਮੁਆਵਜ਼ਾ ਜਾਰੀ ਕਰਨ ਆਦਿ ਮੰਗਾਂ ਨੂੰ ਲੈ ਕਿ 22 ਸਤੰਬਰ ਨੂੰ ਡੀ ਸੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਤਿਆਰੀ ਲਈ ਡਿਊਟੀਆਂ ਲਾਈਆਂ ਗਈਆਂ। ਮੀਟਿੰਗ ਮੌਕੇ ਅਦਾਰਾ ਪੰਜਾਬੀ ਟ੍ਰਿਬਿਊਨ ਤੋਂ ਪੱਤਰਕਾਰ ਜੋਗਿੰਦਰ ਮਾਨ ਦੇ ਸੱਸ ਮਾਤਾ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ।

ਮੋਰਚੇ ਵੱਲੋਂ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਮੋਟਰਸਾਈਕਲ ਮਾਰਚ ਸਬੰਧੀ ਪ੍ਰੋਗਰਾਮ ਵੀ ਉਲੀਕਿਆ ਗਿਆ।

ਵਿਦਿਆਰਥੀਆਂ ਨੂੰ ਸਟੇਸ਼ਨਰੀ ਤੇ ਕਿਤਾਬਾਂ ਭੇਟ ਕੀਤੀਆਂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਸਰਹੱਦੀ ਖੇਤਰ ਵਿੱਚ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਦਾਸ ਐਂਡ ਬਰਾਊਨ ਵਰਲਡ ਸਕੂਲ ਆਪਣਾ ਦਸਵਾਂ ਸਥਾਪਨਾ ਦਿਵਸ ਮਨਾ ਰਿਹਾ ਹੈ, ਜਿਸ ਤਹਿਤ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ।ਕਮਿਊਨਿਟੀ ਆਊਟਰੀਚ ਪ੍ਰੋਗਰਾਮ ਤਹਿਤ ਦਸ ਸਾਲ ਪੂਰੇ ਹੋਣ ਮੌਕੇ ਸਕੂਲ ਪ੍ਰਸ਼ਾਸਨ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਗੱਟੀ ਰਹੀਮਕੇ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਾਨ ਦਿੱਤਾ ਗਿਆ। ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਚੰਦੇਲ ਨੇ ਦੱਸਿਆ ਕਿ ਸਟਾਫ਼ ਮੈਂਬਰਾਂ ਨੇ ਸਕੂਲ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਸਟੇਸ਼ਨਰੀ ਦਾ ਹੋਰ ਸਮਾਨ ਭੇਟ ਕੀਤਾ।

ਉਨ੍ਹਾਂ ਕਿਹਾ ਕਿ ਸਟਾਫ਼ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਯਾਦਗਾਰੀ ਪਲ ਸਾਂਝੇ ਕੀਤੇ ਤੇ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਬੱਚਿਆਂ ਨੂੰ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਵਿੰਦਿਆ ਇੱਕ ਅਨਮੋਲ ਦੌਲਤ ਹੈ ਤੇ ਵਿੰਦਿਆ ਰਾਹੀਂ ਹੀ ਇੱਕ ਵਿਕਸਤ ਸਮਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ।ਪ੍ਰਿੰਸੀਪਲ ਨੇ ਕਿਹਾ ਕਿ ਸਕੂਲ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਪ੍ਰੋਜੈਕਟ ਚਲਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਨਾ ਸਿਰਫ਼ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਸਗੋਂ ਉਨ੍ਹਾਂ ਨੂੰ ਸਮਾਜ ਦੇ ਫ਼ਰਜ਼ਾਂ ਬਾਰੇ ਦੱਸ ਕੇ ਸਮਾਜ ਸੇਵਾ ਸਮੇਤ ਹੋਰਨਾਂ ਦੀ ਮਦਦ ਕਰਨ ਦੇ ਕਾਰਜਾਂ ਵਿੱਚ ਅੱਗੇ ਵਧਾਇਆ ਜਾਂਦਾ ਹੈ।ਇਸ ਮੌਕੇ ਡਿਪਟੀ ਜਨਰਲ ਮੈਨੇਜਰ ਡਾ. ਸੈਲੀਨ, ਅਸਿਸਟੈਂਟ ਜਨਰਲ ਮੈਨੇਜਰ ਅਪ੍ਰੇਸ਼ਨ ਰਿਸ਼ੀ ਤਲਵਾੜ, ਸੀਨੀਅਰ ਕਾਰਜਕਾਰੀ ਰੂਪਾਲੀ ਰੱਤਰਾ, ਹਰਮਨ, ਪਰਮਿੰਦਰ ਸੰਕਸ਼ਾਹਤ ਆਦਿ ਹਾਜ਼ਰ ਸਨ।

ਕਾਤਰਾਂ

ਕਾਂਗਰਸੀ ਆਗੂ ਦੀ ਗੋਲੀ ਮਾਰ ਕੇ ਹੱਤਿਆ

ਮੋਗਾ (ਅਮਰਜੀਤ ਬੱਬਰੀ)-ਪਿੰਡ ਡਾਲਾ ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਅਜੀਤਵਾਲ ਬਲਾਕ ਦੇ ਪ੍ਰਧਾਨ ਨੰਬਰਦਾਰ ਬਲਜਿੰਦਰ ਸਿੰਘ ਬੱਲੀ ਡਾਲਾ ਦੀ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੇ ਜਾਣ ਦਾ ਪਤਾ ਲੱਗਾ ਹੈ ਕੁੱਝ ਅਣਪਛਾਤੇ ਵਿਅਕਤੀ ਮੋਟਰਸਾਇਕਲ 'ਤੇ ਸਵਾਰ ਹੋ ਕਿ ਬਲਜਿੰਦਰ ਸਿੰਘ ਬੱਲੀ ਨੰਬਰਦਾਰ ਦੇ ਘਰ ਕਿਸੇ ਫਾਰਮ 'ਤੇ ਮੋਹਰ ਲਾਉਣ ਦੇ ਬਹਾਨੇ ਆਏ ਤੇ ਉਨ੍ਹਾਂ ਵੱਲੋਂ ਨੰਬਰਦਾਰ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਜ਼ਖ਼ਮੀ ਹਾਲਤ ਵਿੱਚ ਬਲਜਿੰਦਰ ਸਿੰਘ ਬੱਲੀ ਨੂੰ ਮੋਗਾ ਦੇ ਇੱਕ ਨਿੱਜੀ ਹਸਪਤਾਲ ਲੈ ਜਾਇਆ ਗਿਆ, ਜਿੱਥੇ ਉਨ੍ਹਾਂ ਦੀ ਇਲਾਜ ਮੌਤ ਹੋ ਗਈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਲਈ ਸੀਸੀਟੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ। ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਜਲਦ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

ਬੱਸ ਦੇ ਹਾਦਸਾਗ੍ਰਸਤ ਹੋਣ ਵਾਲੀ ਥਾਂ ਪੁੱਜੇ ਹਰਗੋਬਿੰਦ ਕੌਰ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਸ੍ਰੀ ਮੁਕਤਸਰ ਸਾਹਿਬ ਤੋਂ ਕੋਟਕਪੂਰਾ ਨੂੰ ਜਾਣ ਵਾਲੀ ਸੜਕ 'ਤੇ ਪਿੰਡ ਝਬੇਲਵਾਲੀ ਵਿਖੇ ਉਸ ਥਾਂ ਪੁੱਜੇ, ਜਿਥੇ ਦੁਪਹਿਰ ਵੇਲੇ ਸਵਾਰੀਆਂ ਨਾਲ ਭਰੀ ਹੋਈ ਇਕ ਪ੍ਰਾਈਵੇਟ ਕੰਪਨੀ ਦੀ ਬੱਸ ਹਾਦਸੇ ਦਾ ਸ਼ਿਕਾਰ ਹੋ ਕੇ ਨਹਿਰ ਵਿੱਚ ਜਾ ਡਿੱਗੀ ਸੀ। ਘਟਨਾ ਸਥਾਨ 'ਤੇ ਉਨ੍ਹਾਂ ਕਿਹਾ ਕਿ ਜੇਕਰ ਟੋਲ ਪਲਾਜ਼ਾ ਵਾਲੇ ਨਹਿਰ ਦੇ ਇਸ ਪੁਲ਼ ਨੂੰ ਚੌੜਾ ਕਰਕੇ ਬਣਾ ਦਿੰਦੇ ਤਾਂ ਸ਼ਾਇਦ ਇਹ ਹਾਦਸਾ ਨਾ ਵਾਪਰਦਾ, ਪਰ ਉਹ ਲੋਕਾਂ ਕੋਲੋਂ ਪੈਸੇ ਵਸੂਲਦੇ ਰਹੇ ਪਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਗਏ। ਉਨ੍ਹਾਂ ਇਸ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਈ।

ਪੰਜਾਬ ਪੁਲਸ ਲੀਡਰਾਂ ਦੀ ਰਖਵਾਲੀ 'ਚ ਰੁੱਝੀ : ਭੁੱਲਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀਏਸੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਸਾਡੀ ਪੰਜਾਬ ਪੁਲਿਸ ਥਾਣਿਆਂ ਤੋਂ ਵਾਪਸ ਲੈ ਕੇ ਲੀਡਰਾਂ ਦੀ ਰਖਵਾਲੀ ਤੇ ਲਾ ਦਿੱਤੀ ਹੈ ਅਤੇ ਥਾਣਿਆਂ ਵਿੱਚ ਨਫਰੀ ਘੱਟ ਹੋਣ ਕਾਰਨ ਪੰਜਾਬ ਲੁਟਰਿਆਂ ਦੇ ਹੱਥ ਵਿੱਚ ਹੋ ਗਿਆ ਹੈ। ਲੁਟੇਰਿਆਂ ਤੋਂ ਬਚਣ ਲਈ ਆਪ ਖੁਦ ਖੜੇ ਹੋ ਕੇ ਰਖਵਾਲੀ ਕਰਨ ਲਈ ਜਾਗਣਾ ਪੈ ਰਿਹਾ।ਚੰਗੇ ਅਫਸਰ, ਮੁਲਾਜ਼ਮ ਅੰਦਰ ਵੜ ਕੇ ਦਿਨ ਕੱਟ ਰਹੇ ਹਨ।ਅੱਜ ਪੈਸਿਆਂ ਦੀ ਖਾਤਰ ਪੰਜਾਬ ਦੀ ਨੌਜਵਾਨੀ ਨਸ਼ਿਆਂ ਵੱਲ ਨੂੰ ਧਕੇਲ ਦਿੱਤੀ ਤੇ ਇਨ੍ਹਾਂ ਕੁਝ ਭ੍ਰਿਸ਼ਟ ਲੀਡਰਾਂ, ਪੁਲਸ ਮੁਲਾਜ਼ਮਾਂ, ਅਫਸਰਾਂ ਤੇ ਮੁਲਾਜ਼ਮਾਂ ਦੇ ਜੁਲਮ ਅਤੇ ਡਰ ਕਾਰਨ ਬਾਕੀ ਪੜੀ ਲਿਖੀ ਨੌਜਵਾਨੀ ਪੰਜਾਬ ਤੋਂ ਹਿਜਰਤ ਕਰ ਚੁੱਕੀ ਹੈ।

ਸਤਪਾਲ ਸਿੰਘ ਦੇਹੜਕਾ ਨੇ ਜਨਮ ਦਿਨ ਗਊਸ਼ਾਲਾ 'ਚ ਮਨਾਇਆ

ਜਗਰਾਉਂ (ਅਮਿਤ ਖੰਨਾ) ਪੰਜਾਬ ਦੇ ਇੱਕ ਤਿਹਾਈ ਖੇਤਰ ਨੂੰ ਹਰੇ-ਭਰੇ ਜੰਗਲ ਵਜੋਂ ਦੇਖਣ ਦੇ ਸੁਪਨੇ ਨਾਲ ਵਾਤਾਵਰਣ ਲਈ ਦਿਨ-ਰਾਤ ਕੰਮ ਕਰਨ ਵਾਲੇ ਉੱਘੇ ਸਮਾਜ ਸੇਵਕ ਸਤਪਾਲ ਸਿੰਘ ਨੇ ਆਪਣੇ ਜਨਮ ਦਿਨ ਦੀ ਸ਼ੁਰੂਆਤ ਹਸਨਪੁਰ ਵਿੱਚ ਸਭ ਤੋਂ ਪਹਿਲਾਂ ਬੂਟੇ ਲਗਾ ਕੇ ਮਨੁੱਖਤਾ ਦੀ ਭਲਾਈ ਲਈ ਕੀਤੀ। ਇਸ ਤੋਂ ਬਾਅਦ ਉਨ੍ਹਾਂ ਸ੍ਰੀ ਕ੍ਰਿਸ਼ਨ ਗਊਸ਼ਾਲਾ ਡਿਸਪੋਜਲ ਰੋਡ 'ਤੇ ਪਰਿਕਰਮਾ ਮਾਰਗ 'ਚ ਗਊ ਮਾਤਾ ਨਾਲ ਕੇਕ ਕੱਟ ਕੇ ਆਪਣਾ ਜਨਮ ਦਿਨ ਮਨਾਇਆ। ਇਸ ਮੌਕੇ ਗਊ ਭਗਤ ਨਵੀਨ ਗੋਇਲ ਨੇ ਕਿਹਾ ਕਿ ਸਤਪਾਲ ਸਿੰਘ ਨੇ ਆਪਣਾ ਸਮੁੱਚਾ ਜੀਵਨ ਵਾਤਾਵਰਨ ਨੂੰ ਸਮਰਪਤ ਕੀਤਾ ਹੈ ਤੇ ਇਸ ਵਾਰ ਉਨ੍ਹਾਂ ਆਪਣਾ ਜਨਮ ਦਿਨ ਮਾਤਾ ਗਊ ਨਾਲ ਸਤਨਾਜੇ ਕੇਕ ਕੱਟ ਕੇ ਮਨਾਇਆ ਹੈ ਅਤੇ ਮਾਤਾ ਗਊ ਦੀ ਅਪਾਰ ਕਿਰਪਾ ਸਦਕਾ ਸਤਪਾਲ ਸਿੰਘ ਨੇ ਸਮਾਜ ਭਲਾਈ ਲਈ ਜੋ ਵੀ ਸੁਪਨੇ ਦੇਖੇ ਹਨ, ਉਹ ਜਲਦੀ ਤੋਂ ਜਲਦੀ ਪੂਰੇ ਹੋਣਗੇ। ਸਤਪਾਲ ਸਿੰਘ ਨੇ ਵੀ ਸਿਵਲ ਹਸਪਤਾਲ ਵਿਖੇ ਖੂਨਦਾਨ ਕੀਤਾ। ਉਨ੍ਹਾਂ ਜਗਰਾਉਂ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 20 ਸਤੰਬਰ ਨੂੰ ਏ.ਡੀ.ਸੀ.ਅਮਿਤ ਸਰੀਨ ਦੀ ਅਗਵਾਈ ਹੇਠ ਸਿਵਲ ਹਸਪਤਾਲ ਵਿਖੇ ਜਾਪਾਨੀ ਤਕਨੀਕ ਵਾਲਾ ਜੰਗਲ ਲਾਇਆ ਜਾ ਰਿਹਾ ਹੈ।

ਭਰਪੂਰ ਸਿੰਘ ਗੁਦਰਾਣਾ ਨੂੰ ਸ਼ਰਧਾਂਜ਼ਲੀਆਂ ਭੇਟ

21-Sep-PAGE-11-Majha-2023.qxd 9/20/2023 10:43 PM Page 1

ਕਿਸਾਨਾਂ ਅਤੇ ਹੜ੍ਹ ਪੀੜਤਾਂ ਨੂੰ ਸਰਕਾਰ ਯੋਗ ਮੁਆਵਜ਼ਾ ਦੇਵੇ : ਸੰਯੁਕਤ ਕਿਸਾਨ ਮੋਰਚਾ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਠਾਨਕੋਟ ਦੀ ਜ਼ਰੂਰੀ ਮੀਟਿੰਗ ਕਾਮਰੇਡ ਪ੍ਰੇਮ ਸਿੰਘ ਦੀ ਪ੍ਰਧਾਨਗੀ ਹੇਠ ਕੁੱਲ ਹਿੰਦ ਕਿਸਾਨ ਸਭਾ ਦੇ ਦਫਤਰ ਗਾਂਧੀ ਚੌਕ ਪਠਾਨਕੋਟ ਵਿਖੇ ਹੋਈ ਜਿਸ ਵਿੱਚ ਕੁੱਲ ਹਿੰਦ ਕਿਸਾਨ ਸਭਾ ਵਲੋਂ ਕਾਮਰੇਡ ਪ੍ਰੇਮ ਸਿੰਘ, ਪ੍ਰਸ਼ੋਤਮ ਕੁਮਾਰ, ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਘੋਹ, ਬਲਬੀਰ ਸਿੰਘ, ਕਿਰਤੀ ਕਿਸਾਨ ਯੂਨੀਅਨ ਵਲੋਂ ਕਾਮਰੇਡ ਪਰਮਜੀਤ ਅਤੇ ਕੁੱਲ ਹਿੰਦ ਕਿਸਾਨ ਸਭਾ ਵਲੋਂ ਕਾਮਰੇਡ ਸਤਿਆਦੇਵ ਹਾਜ਼ਰ ਹੋਏ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ 22 ਸਤੰਬਰ ਦੇ ਡੀ. ਸੀ. ਦਫਤਰਾਂ ਦਾ ਘਿਰਾਓ ਕਰਨ ਦੀ ਤਿਆਰੀ ਸਬੰਧੀ ਵਿਚਾਰ ਚਰਚਾ ਕੀਤੀ ਅਤੇ ਫੈਸਲਾ ਕੀਤਾ ਗਿਆ ਕਿ 22 ਸਤੰਬਰ ਨੂੰ ਡੀ. ਸੀ. ਦਫ਼ਤਰ ਸਾਹਮਣੇ ਧਰਨਾ ਦੇ ਕੇ ਘਿਰਾਓ ਕੀਤਾ ਜਾਵੇਗਾ ਅਤੇ 03 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਰੋਸ ਵਜੋਂ ਬਮਿਆਲ ਤਹਿਸੀਲ ਵਿੱਚ ਰੋਸ ਧਰਨਾ ਦਿੱਤਾ ਜਾਵੇਗਾ। ਬੁਲਾਰਿਆਂ ਨੇ ਮੰਗ ਕੀਤੀ ਕਿ ਕਿਸਾਨਾਂ ਤੇ ਹੜ੍ਹ ਪੀੜਤਾਂ ਨੂੰ ਸਰਕਾਰ ਯੋਗ ਮੁਆਵਜ਼ਾ ਦੇਵੇ। ਕਿਸਾਨਾਂ ਨੇ ਮੰਗ ਕੀਤੀ ਸੀ ਕਿ ਸਰਕਾਰ ਕਿਸਾਨਾਂ ਨੂੰ 50000 ਕਿੱਲੇ ਦੇ ਹਿਸਾਬ ਮੁਆਵਜ਼ਾ ਦੇਵੇ ਤੇ ਮਾਨ ਸਰਕਾਰ ਨੇ 15000 ਮੁਆਵਜ਼ਾ ਦੇਣ ਦਾ ਬਿਆਨ ਦਿੱਤਾ ਸੀ ਪਰ ਹੁਣ ਸਰਕਾਰ ਨਿਗੂਣਾ ਜਿਹਾ ਮੁਆਵਜ਼ਾ ਦੇ ਰਹੀ ਹੈ। ਕੇਂਦਰ ਸਰਕਾਰ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨ ਕਰਕੇ 10 ਹਜ਼ਾਰ ਕਰੋੜ ਦਾ ਪੈਕੇਜ ਦੇਵੇ ਤਾਂ ਜੋ ਪੀੜਤ ਲੋਕਾਂ ਜਾਨ ਮਾਲ ਦੇ ਹੋਏ ਨੁਕਸਾਨ ਅਨੁਸਾਰ ਯੋਗ ਮੁਆਵਜ਼ਾ ਮਿਲ ਸਕੇ, ਵਿਸ਼ੇਸ਼ ਗਿਰਦਾਵਰੀ ਦੇ ਹੁਕਮਾਂ ਤੇ ਅਮਲ ਕੀਤਾ ਜਾਵੇ। ਜਿਨ੍ਹਾਂ ਕਿਸਾਨਾਂ ਨੇ ਤਬਾਹ ਹੋਈਆਂ ਫਸਲਾਂ ਦੁਬਾਰਾ ਬੀਜੀਆਂ ਹਨ ਉਨ੍ਹਾਂ ਦੇ ਨੁਕਸਾਨ ਨੂੰ ਗਿਰਦਾਵਰੀ ਵਿਚ ਗਿਣਿਆ ਜਾਵੇ। ਐੱਮਐੱਸਪੀ ਨੂੰ ਕਾਨੂੰਨੀ ਸ਼ਕਲ ਦਿੱਤੀ ਜਾਵੇ। ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਸੰਯੁਕਤ ਕਿਸਾਨ ਮੋਰਚੇ ਨੇ ਜਮਹੂਰੀ ਕਿਸਾਨ ਸਭਾ ਦੇ ਗੁਰਦਾਸਪੁਰ ਦੇ ਜ਼ਿਲਾ ਪ੍ਰਧਾਨ ਦੇ ਪਰਿਵਾਰ ਤੇ ਕਲਾਨੌਰ ਵਿਖੇ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਹਮਲਾਵਰ ਦੋਸ਼ੀਆਂ 'ਤੇ ਸਖਤ ਕਾਰਵਾਈ ਕਰਕੇ ਸਜ਼ਾਵਾਂ ਦੇਣ ਦੀ ਮੰਗ ਕੀਤੀ।

ਪਾਬੰਦੀਸ਼ੁਦਾ ਡੋਰ ਦੀ ਮੈਨੂਫੈਕਚਰਿੰਗ, ਵਿਕਰੀ, ਸਟੋਰੇਜ ਤੇ ਵਰਤੋਂ ਕਰਨ ਵਾਲੇ ਨੂੰ 5 ਸਾਲ ਕੈਦ ਤੇ 1 ਲੱਖ ਜੁਰਮਾਨਾ ਹੋਵੇਗਾ: ਡੀਸੀ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੇ ਸਾਇੰਸ, ਟੈਕਨਾਲਜੀ ਅਤੇ ਇਨਵਾਇਰਮੈਂਟ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਹੁਣ ਪਲਾਸਟਿਕ/ਚਾਇਨਾ/ਸਿੰਥੈਟਿਕ ਡੋਰ ਜਾਂ ਉਹ ਡੋਰ ਜਿਸ ਉੱਪਰ ਜਿਸ ਉੱਪਰ ਕੱਚ ਦੀ ਪਰਤ ਚੜ੍ਹੀ ਹੋਵੇਗੀ ਉਸ ਡੋਰ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਸਰਕਾਰ ਵਲੋਂ ਜਾਰੀ ਨਵੇਂ ਨੋਟੀਫਿਕੇਸ਼ਨ ਅਨੁਸਾਰ ਪਾਬੰਦੀਸ਼ੁਦਾ ਡੋਰ ਦੀ ਵਰਤੋਂ, ਮੈਨੂਫੈਕਚਰਿੰਗ, ਸਟੋਰੇਜ ਅਤੇ ਸੇਲ ਕਰਨ ਵਾਲੇ ਵਿਅਕਤੀ ਨੂੰ ਵਾਤਾਵਰਨ ਰੱਖਿਆ ਕਾਨੂੰਨ 1986 ਤਹਿਤ 5 ਸਾਲ ਤੱਕ ਦੀ ਜੇਲ ਅਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਵਾਰ ਜ਼ਿਲ੍ਹਾ ਗੁਰਦਾਸਪੁਰ ਵਿਚ ਪਾਬੰਦੀਸ਼ੁਦਾ ਡੋਰ ਦੀ ਵਰਤੋਂ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ।

ਡੀ ਸੀ ਅਗਰਵਾਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਹੁਣ ਤੋਂ ਹੀ ਜ਼ਿਲ੍ਹੇ ਵਿਚ ਪਾਬੰਦੀਸ਼ੁਦਾ ਡੋਰ ਦੀ ਮੈਨੂਫੈਕਚਰਿੰਗ, ਵਿਕਰੀ, ਸਟੋਰੇਜ ਅਤੇ ਵਰਤੋਂ ਨੂੰ ਰੋਕਣ ਲਈ ਚੌਕਸੀ ਵਰਤਣ ਤਾਂ ਜੋ ਆਪਣੇ ਜ਼ਿਲ੍ਹੇ ਨੂੰ ਪਾਬੰਦੀਸ਼ੁਦਾ ਡੋਰ ਤੋਂ ਪੂਰੀ ਤਰਾਂ ਮੁਕਤ ਕੀਤਾ ਜਾ ਸਕੇ। ਉਨਾਂ ਅਧਿਕਾਰੀ ਨੂੰ ਕਿਹਾ ਕਿ ਇਸ ਸਬੰਧੀ ਰੋਜ਼ਾਨਾ ਚੈਕਿੰਗ ਕਰਕੇ ਇਸਦੀ ਰੀਪੋਰਟ ਸਬੰਧਤ ਐੱਸ. ਡੀ. ਐੱਮ. ਅਤੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਭੇਜੀ ਜਾਵੇ। ਡਿਪਟੀ ਕਮਿਸ਼ਨਰ ਨੇ ਵਪਾਰ ਮੰਡਲ ਦੇ ਨੁਮਾਇੰਦਿਆਂ ਨੂੰ ਵੀ ਕਿਹਾ ਹੈ ਕਿ ਉਹ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪਾਬੰਦੀਸ਼ੁਦਾ ਡੋਰ ਦੀ ਸਟੋਰੇਜ ਅਤੇ ਵਿਕਰੀ ਬਿਲਕੁਲ ਨਾ ਕਰਨ।

ਬਾਬਾ ਸ੍ਰੀ ਚੰਦ ਜੀ ਦਾ 529ਵਾਂ ਜਨਮ ਦਿਹਾੜਾ ਮਨਾਇਆ

* ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ 529ਵਾਂ ਜਨਮ ਦਿਹਾੜਾ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਦੀ ਅਗਵਾਈ 'ਚ ਬਡੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਹਿਲਾਂ ਤੋਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਭਾਈ ਮਨਜਿੰਦਰ ਸਿੰਘ ਭਾਈ ਜਸਵਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਅਤੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਦਾ ਇਲਾਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਭਾਈ ਤਰਸੇਮ ਸਿੰਘ ਪੱਧੇਕੇ ਮਹਿਮਾਰਾ ਦੇ ਢਾਡੀ ਜਥਾ ਅਤੇ ਬਾਬਾ ਨਿਸ਼ਾਨ ਸਿੰਘ ਕਵੀਸ਼ਰੀ ਜਥਾ ਮਛਰਾਲਾ ਨੇ ਭਗਵਾਨ ਬਾਬਾ ਸ੍ਰੀ ਚੰਦਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਸਾਬਕਾ ਹੈੱਡ ਗ੍ਰੰਥੀ ਬਾਬਾ ਰਣਧੀਰ ਸਿੰਘ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਦੇ ਪਰਿਵਾਰ ਅਤੇ ਸਮੂਹ ਸੰਗਤਾਂ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਆਰਤਾ ਵੀ ਗਾਇਨ ਕੀਤਾ ਗਿਆ। ਉਪਰੰਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਟਰੱਸਟ ਦੇ ਚੇਅਰਮੈਨ ਰਾਜਿੰਦਰ ਸਿੰਘ ਬੇਦੀ, ਬੀਬੀ ਆਤਮਜੀਤ ਕੌਰ ਬੇਦੀ, ਉਨਾਂ ਦੇ ਸਪੁੱਤਰ ਐੱਨਆਰਆਈ ਬਾਬਾ ਰਮਿੰਦਰਜੋਤ ਸਿੰਘ ਬੇਦੀ (ਆਸਟਰੇਲੀਆ) ਤੇ ਬੀਬੀ ਰਵਲੀਨ ਕੌਰ ਬੇਦੀ ਵੱਲੋਂ ਕੀਰਤਨੀ ਜਥਿਆਂ ਸਮੇਤ ਸਮਾਗਮ ਵਿਚ ਆਈਆਂ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਸਾਹਿਬ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਆਤਮਜੀਤ ਕੌਰ ਬੇਦੀ, ਅਮਨਜੋਤ ਸਿੰਘ ਬੇਦੀ ਆਸਟ੍ਰੇਲੀਆਂ, ਸੁਖਮਿੰਦਰਜੋਤ ਸਿੰਘ ਬੇਦੀ ਆਸਟ੍ਰੇਲੀਆ, ਰਮਿੰਦਰਜੋਤ ਸਿੰਘ ਬੇਦੀ ਆਸਟ੍ਰੇਲੀਆ, ਪਰਮਜੋਤ ਸਿੰਘ ਬੇਦੀ, ਉਦੇਜੋਤ ਸਿੰਘ ਬੇਦੀ, ਕੁਲਦੀਪ ਸਿੰਘ ਬੇਦੀ, ਰਣਦੀਪ ਸਿੰਘ ਬੇਦੀ ਪਠਾਨਕੋਟ, ਲੰਬਰਦਾਰ ਗੁਰਸਰਨ ਸਿੰਘ ਮਹਿਲਾ ਵਾਲੀ, ਪਰਮਜੀਤ ਸਿੰਘ ਬੇਦੀ ਅੰਮ੍ਰਿਤਸਰ, ਚਮਕੌਰ ਸਿੰਘ ਲੁਧਿਆਣਾ, ਬਾਬਾ ਮੇਜਰ ਦਾਸ, ਬਾਬਾ ਭਗਵਾਨ ਦਾਸ, ਮੈਨੇਜਰ ਬਲਜੀਤ ਸਿੰਘ ਦਰਬਾਰ ਸਾਹਿਬ, ਬਾਬਾ ਸਾਹਿਬ ਸਿੰਘ ਕਾਰ ਸੇਵਾ ਵਾਲੇ, ਤਰਲੋਚਨ ਸਿੰਘ ਸੋਖੀ, ਸਾਬਕਾ ਡੀਈਓ ਵਿਨੋਦ ਕੁਮਾਰ ਮੱਤਰੀ, ਪ੍ਰਿੰ. ਬਿਕਰਮਜੀਤ ਸਿੰਘ ਚਾਹਲ, ਜੋਗਿੰਦਰ ਸਿੰਘ ਸਾਬਕਾ ਪੀਓ, ਓਮ ਪ੍ਰਕਾਸ਼ ਸਾਬਕਾ ਪੀ. ਓ ,ਪ੍ਰਗਟ ਸਿੰਘ ਸਾਬਕਾ ਪੀ. ਓ., ਸੁਰਜੀਤ ਸਿੰਘ ਸੈਕਟਰੀ, ਮੋਹਨ ਲਾਲ ਸਪੋਲੀਆਂ, ਸੁਖਵਿੰਦਰ ਸਿੰਘ ਮੱਲੀ, ਹਰਮੀਤ ਸਿੰਘ ਮਾਨ, ਸੁੱਚਾ ਸਿੰਘ ਸ਼ਿਕਾਰ ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਗਗਨਦੀਪ ਸਿੰਘ ਬਟਾਲਾ, ਕੋਚ ਕੁਲਬੀਰ ਸਿੰਘ, ਬਰਜਿੰਦਰ ਸਿੰਘ, ਸੁੱਚਾ ਸਿੰਘ ਸੈਕਟਰੀ, ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਪਰਮਜੀਤ ਸਿੰਘ ਸਾਬੀ, ਸਰਬਜੀਤ ਸਿੰਘ ਮੋਹਨਾ, ਬਿੱਟਾ ਚੰਦੂਨੰਗਲ, ਸੰਤੋਖ ਸਿੰਘ ਪੱਪੀ, ਵਿਕਰਮਜੀਤ ਸਿੰਘ, ਸਤਬੀਰ ਸਿੰਘ ਬਿੱਟੂ, ਅਸ਼ੋਕ ਸ਼ਰਮਾ ਸ਼ੈਲਰ ਵਾਲੇ, ਕੁਲਵਿੰਦਰ ਸਿੰਘ ਬੇਦੀ, ਮਾਸਟਰ ਜਗਜੀਤ ਸਿੰਘ, ਮਾਸਟਰ ਸਤਨਾਮ ਸਿੰਘ, ਰਾਣਾ ਸ਼ਾਹਪੁਰ, ਨੀਰਜ ਸਸ਼ਰਮਾ, ਸੂਬੇਦਾਰ ਪ੍ਰਸੋਤਮ ਸਿੰਘ ਮੰਗੀਆਂ, ਦਿਲਬਾਗ ਸਿੰਘ ਸਾਬਕਾ ਸਰਪੰਚ ਮੰਗੀਆਂ, ਸੁਖਬੀਰ ਸਿੰਘ ਮੰਗੀਆਂ, ਕਸ਼ਮੀਰ ਸਿੰਘ ਸਮਰਾਵਾ, ਮਾਸਟਰ ਜੋਗਿੰਦਰ ਸਿੰਘ, ਭਾਈ ਗੋਪਾਲ ਸਿੰਘ, ਰੱਜਤ ਮਰਵਾਹਾ, ਰਾਜੇਸ਼ ਹਾਂਡਾ, ਭਾਈ ਗੋਪਾਲ ਸਿੰਘ, ਮਾਸਟਰ ਪਲਵਿੰਦਰ ਸਿੰਘ, ਬਾਬਾ ਜੰਗੀ, ਸੁਲੱਖਣ ਸਿੰਘ ਜੋੜੀਆਂ ਖੁਰਦ, ਸੱਤਪਾਲ ਸ਼ੌਕੀ, ਕਮਲ ਗੈਂਦ, ਸ਼ਾਮ ਗੈਂਦ, ਚਰਨਜੀਤ ਸਿੰਘ ਬੇਦੀ, ਅਮਰਜੀਤ ਸਿੰਘ ਗੋਰਾਇਆ, ਵਿਜੇ ਸ਼ਰਮਾ, ਰਵਲੀਨ ਕੌਰ ਬੇਦੀ, ਬੀਬੀ ਕਵਲਜੀਤ ਕੌਰ ਲੁਧਿਆਣਾ, ਮੈਡਮ ਕੰਵਲਜੀਤ ਸੋਢੀ, ਬੀਬੀ ਮਹਿੰਦਰ ਕੌਰ ਬੇਦੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

30 ਨੂੰ ਚੋਹਲਾ ਸਾਹਿਬ ਦੀ ਧਰਤੀ 'ਤੇ ਹੋਣ ਵਾਲੀ ਕਾਨਫਰੰਸ ਇਤਿਹਾਸਕ ਹੋ ਨਿੱਬੜੇਗੀ : ਬ੍ਰਹਮਪੁਰਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪੰਜਾਬ ਯੂਥ ਵਿੰਗ ਦੇ ਨਵ-ਨਿਯੁਕਤ ਕੀਤੇ ਗਏ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਪੰਜਾਬ ਯੂਥ ਮਿਲਣੀ ਪ੍ਰੋਗਰਾਮ ਦੇ ਤਹਿਤ ਯੂਥ ਮਿਲਣੀ ਕੀਤੀਆਂ ਜਾ ਰਹੀਆਂ ਹਨ। ਪਾਰਟੀ ਵੱਲੋਂ ਮਿਲੇ ਇਨ੍ਹਾਂ ਹੁਕਮਾਂ ਦੇ ਚੱਲਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਹਲਕਾ ਖਡੂਰ ਸਾਹਿਬ ਦੇ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ ਕੀਤਾ ਗਿਆ। ਇਸ ਮੌਕੇ ਪਿੰਡ ਭੈਲ ਢਾਏਵਾਲਾ ਵਿਖੇ ਸਾਬਕਾ ਸਰਪੰਚ ਸੁਲੱਖਣ ਸਿੰਘ ਦੇ ਗ੍ਰਹਿ ਵਿਖੇ ਭਰਵੀਂ ਮੀਟਿੰਗ ਹੋਈ।

ਇਸ ਮੌਕੇ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਯੂਥ ਆਗੂਆਂ ਅਤੇ ਅਕਾਲੀ ਵਰਕਰਾਂ ਨੂੰ 30 ਸਤੰਬਰ ਨੂੰ ਦਿਨ ਸ਼ਨੀਵਾਰ ਸਥਾਨ ਚੋਹਲਾ ਸਾਹਿਬ ਵਿਖੇ ਹੋ ਰਹੀ ਪੰਜਾਬ ਯੂਥ ਮਿਲਣੀ ਦੇ ਸੰਬੰਧ ਵਿੱਚ ਲਾਮਬੰਦ ਕੀਤਾ ਗਿਆ। ਇਸ ਮੌਕੇ ਯੂਥ ਆਗੂ ਅਤੇ ਅਕਾਲੀ ਵਰਕਰਾਂ ਨੇ ਕਾਨਫਰੰਸ ਵਿੱਚ ਪਹੁੰਚਣ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਅਸੀਂ ਸਭ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਵਾਂਗੇ। ਰਵਿੰਦਰ ਸਿੰਘ ਬ੍ਰਹਮਪੁਰਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਲਕੇ ਦੇ ਵਰਕਰਾਂ ਵਿਚ 30 ਸਤੰਬਰ ਦੀ ਇਸ ਕਾਨਫਰੰਸ ਪ੍ਰਤੀ ਭਾਰੀ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ 30 ਸਤੰਬਰ ਦੀ ਚੋਹਲਾ ਸਾਹਿਬ ਕਾਨਫਰੰਸ ਇੱਕ ਇਤਿਹਾਸਕ ਕਾਨਫਰੰਸ ਹੋ ਨਿਬੜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਸਾਹਮਣੇ 'ਆਪ' ਦਾ ਚਿਹਰਾ ਨੰਗਾ ਹੋ ਗਿਆ ਹੈ। ਪੰਜਾਬ ਦੇ ਹੱਕਾਂ ਦੀ ਗੱਲ ਸਿਰਫ ਇਕੋ ਹੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਚੋਹਲਾ ਸਾਹਿਬ, ਸੁਲੱਖਣ ਸਿੰਘ ਸਾਬਕਾ ਸਰਪੰਚ ਭੈਲ, ਸੰਮਾ ਸਿੰਘ ਪੰਚ, ਕਾਬਲ ਸਿੰਘ, ਲਖਬੀਰ ਸਿੰਘ ਚੌਧਰੀ, ਚੰਦ ਸਿੰਘ ਸਾਬਕਾ ਸਰਪੰਚ, ਚਰਨਜੀਤ ਸਿੰਘ ਭੱਲਾ, ਸੁਖਵਿੰਦਰ ਸਿੰਘ ਸੁੱਖਾ ਬਾਠ ਮੈਂਬਰ, ਮੀਤ ਸਿੰਘ ਚੌਧਰੀ, ਨਰਿੰਦਰ ਸਿੰਘ ਸੇਠ, ਬੂਟਾ ਸਿੰਘ, ਡਾ. ਹਰਦੀਪ ਸਿੰਘ, ਮੋਹਣ ਸਿੰਘ, ਨਰਿੰਦਰ ਸਿੰਘ ਮੰਡ ਵਾਲੇ, ਦਾਰਾ ਸਿੰਘ, ਸਵਿੰਦਰ ਸਿੰਘ ਕਾਕਾ, ਅਮਰਜੀਤ ਸਿੰਘ, ਦਰਬਾਰਾ ਸਿੰਘ, ਗੁਰਵੇਲ ਸਿੰਘ, ਬਲਵਿੰਦਰ ਸਿੰਘ ਡੇਅਰੀਵਾਲੇ, ਸਰਬਜੀਤ ਸਿੰਘ ਬਾਗਾ, ਮਿਰਜਾ ਸਿੰਘ ਅਤੇ ਹਰਦੇਵ ਸਿੰਘ ਆਦਿ ਹਾਜ਼ਰ ਸਨ।

ਅੰਮ੍ਰਿਤਸਰ ਪ੍ਰੈੱਸ ਕਲੱਬ ਦੀ ਚੋਣ ਇਕ ਮਹੀਨੇ 'ਚ ਕਰਵਾਉਣ ਦੇ ਹੁਕਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਥਾਨਕ ਪ੍ਰੈੱਸ ਕਲੱਬ ਨੂੰ ਲੈ ਕੇ ਪੱਤਰਕਾਰਾਂ ਦਾ ਇੱਕ ਵਫਦ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੂੰ ਮਿਲਿਆ ਤੇ ਉਨ੍ਹਾਂ ਨੇ ਪੱਤਰਕਾਰਾਂ ਦੀ ਗੱਲਬਾਤ ਬੜੇ ਹੀ ਸਲੀਕੇ ਤੇ ਠਰੰਮੇ ਨਾਲ ਸੁਣੀ। ਜਦੋਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਗਈ ਤਾਂ ਉਨ੍ਹਾਂ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸ਼ੇਰ ਜੰਗ ਸਿੰਘ ਨੂੰ ਆਦੇਸ਼ ਦਿੱਤੇ ਕਿ ਉਹ ਇੱਕ ਮਹੀਨੇ ਵਿੱਚ ਕਲੱਬ ਦੀ ਬਕਾਇਦਾ ਤੌਰ 'ਤੇ ਨਿਯਮਾਵਲੀ ਅਨੁਸਾਰ ਚੋਣ ਕਰਾਉਣ। ਉਨ੍ਹਾਂ ਕਿਹਾ ਕਿ ਜੇਕਰ ਜ਼ਿਲਾ ਪ੍ਰਸ਼ਾਸਨ ਨਹੀਂ ਕਰਾਉਂਦਾ ਤਾਂ ਫਿਰ ਪੱਤਰਕਾਰ ਜੇਕਰ ਅਦਾਲਤ ਵਿੱਚ ਚਲੇ ਜਾਂਦੇ ਹਨ ਤਾਂ ਵੀ ਜ

21-Sep-PAGE- 12 qxd.qxd 9/20/2023 10:42 PM Page 1

ਅਟਾਰੀ-ਵਾਹਗਾ ਤੇ ਹੁਸੈਨੀਵਾਲਾ ਸੜਕੀ ਲਾਂਘੇ ਖੋਲ੍ਹੇ ਜਾਣ- ਕਿਰਤੀ ਕਿਸਾਨ ਯੂਨੀਅਨ

ਜਲੰਧਰ: (ਕੇਸਰ)–ਕਿਰਤੀ ਕਿਸਾਨ ਯੂਨੀਅਨ ਵਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਾਨਫਰੰਸ ਕਰਕੇ ਭਾਰਤ-ਪਾਕਿਸਤਾਨ ਵਪਾਰ ਨੂੰ ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਸੜਕੀ ਲਾਂਘਿਆਂ ਰਾਹੀਂ ਖੋਲ੍ਹਣ ਦੀ ਮੰਗ ਕੀਤੀ ਹੈ। ਇਸ ਉਪਰੰਤ ਸਹਿਰ ਚ ਰੋਸ ਮੁਜਾਹਰਾ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਆਪਣੀ ਉਪਜ ਸਮੇਤ ਹੋਰ ਵਰਗਾਂ ਨੂੰ ਵੀਜ਼ਾ ਸ਼ਰਤਾਂ ਖਤਮ ਕਰਕੇ ਪਾਸਪੋਰਟ 'ਤੇ ਸਿੱਧਾ ਵਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਕੇਂਦਰ ਸਰਕਾਰ ਵੱਲੋਂ ਬਾਸਮਤੀ ਦੀ ਬਰਾਮਦ ਉਪਰ 1200 ਡਾਲਰ ਪ੍ਰਤੀ ਟਨ ਦੀ ਲਾਈ ਸ਼ਰਤ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਅਤੇ ਸੂਬਾ ਆਗੂ ਸੰਤੋਖ ਸਿੰਘ ਸੰਧੂ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨਾਂ ਨੂੰ ਦੁਸ਼ਮਣੀ ਦੀ ਅੱਗ ਬਾਲਣ ਦੀ ਥਾਂ ਦੋਸਤਾਨਾ ਰਿਸ਼ਤਿਆਂ ਨੂੰ ਉਸਾਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਇਸ ਸਾਂਝ ਨੂੰ ਉਸਾਰਨ ਵਿੱਚ ਭਾਰਤ-ਪਾਕਿਸਤਾਨ ਵਪਾਰ ਮਹੱਤਵਪੂਰਨ ਕੜੀ ਹੈ। ਭਾਰਤ ਸਰਕਾਰ ਨੇ 2019 'ਚ ਪਾਕਿਸਤਾਨ ਨੂੰ ਵਪਾਰ ਲਈ ਅਨੁਕੂਲ ਦੇਸ਼ਾਂ ਦੀ ਸੂਚੀ ਵਿੱਚੋਂ ਖਾਰਜ ਕਰਕੇ ਗੈਰ-ਜ਼ਰੂਰੀ ਵਸਤਾਂ ਉਪਰ 200 ਫੀਸਦੀ ਰੈਗੂਲੇਟਰੀ ਡਿਊਟੀ ਲਗਾ ਦਿੱਤੀ ਸੀ ਜਿਸ ਕਾਰਨ ਪੰਜਾਬ ਦੇ ਸੜਕੀ ਲਾਂਘਿਆਂ ਰਾਹੀਂ ਪਾਕਿਸਤਾਨ ਨਾਲ ਵਪਾਰ ਨਾ ਸਿਰਫ ਤਬਾਹ ਹੋ ਗਿਆ ਬਲਕਿ ਪੰਜਾਬ ਦੇ ਹਿੱਤਾਂ ਨੂੰ ਭਾਰੀ ਢਾਹ ਵੀ ਲੱਗੀ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ 1.35 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ ਪਰ ਇਹ ਵਪਾਰ ਜ਼ਿਆਦਾਤਰ ਅਡਾਨੀ ਦੀ ਮੁੰਦਰਾ ਬੰਦਰਗਾਹ (ਗੁਜਰਾਤ) ਤੋਂ ਸਮੁੰਦਰੀ ਰਸਤੇ ਰਾਹੀਂ ਹੁੰਦਾ ਹੈ। ਕੇਂਦਰ ਦੀ ਭਾਜਪਾ ਸਰਕਾਰ 'ਤੇ ਅਡਾਨੀ ਵਰਗੇ ਕਾਰਪੋਰੇਟ ਦੇ ਹਿੱਤ ਪੂਰਨ ਅਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ । ਭਾਰਤ-ਪਾਕਿ ਸੜਕੀ ਲਾਂਘਾਂ ਖੁੱਲਣ ਨਾਲ ਹਜਾਰਾਂ ਨੌਜਵਾਨਾਂ ਨੂੰ ਰੁਜਗਾਰ ਮਿਲ ਸਕਦਾ ਹੈ। ਇਸਤਰੀ ਵਿੰਗ ਦੇ ਸੂਬਾ ਕਨਵੀਨਰ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਮੌਜੂਦਾ ਸਮੇਂ ਦੋਵਾਂ ਮੁਲਕਾਂ ਵਿਚਕਾਰ 80 ਫੀਸਦੀ ਵਪਾਰ ਸਮੁੰਦਰੀ ਰਸਤਿਆਂ ਰਾਹੀਂ ਜਾਂ ਅਸਿੱਧੇ ਰੂਪ ਵਿੱਚ ਦੁਬਈ ਰਾਹੀਂ ਹੋ ਰਿਹਾ ਹੈ ਜੋ ਬਹੁਤ ਮਹਿੰਗਾ ਪੈਂਦਾ ਹੈ। ਇਸ ਮੌਕੇ ਟਰੱਕ ਯੂਨੀਅਨ ਫਿਲੌਰ, ਗੁਰਾਇਆਂ, ਨੂਰਮਹਿਲ, ਦੇ ਆਗੂ ਰਣਜੀਤ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ,ਸਤਿੰਦਰ ਸਿੰਘ ਧੰਜੂ, ਚਮਕੌਰ ਸਿੰਘ, ਜ਼ਿਲ੍ਹਾ ਸਕੱਤਰ ਗੁਰਕੰਵਲ ਸਿੰਘ,ਤਰਪ੍ਰੀਤ ਸਿੰਘ ਉੱਪਲ,ਮੱਖਣ ਸਿੰਘ ਕੰਦੋਲਾ, ਗੁਰਨਾਮ ਤੱਗੜ, ਸੁਰਿੰਦਰ ਕੰਦੋਲਾ, ਹਰਦੀਪ ਸਿੰਘ, ਸੁਰਜੀਤ ਸਿੰਘ,ਮੰਗਲ ਸਿੰਘ, ਹਰਪ੍ਰੀਤ ਕੌਰ, ਸੁਰਜੀਤ ਕੌਰ, ਦੋਆਬਾ ਸੰਘਰਸ਼ ਕਮੇਟੀ ਦੇ ਬਲਵਿੰਦਰ ਮੱਲੀ ਨੰਗਲ ਆਦਿ ਨੇ ਸੰਬੋਧਨ ਕੀਤਾ।

ਸ੍ਰੀ ਚਰਨਛੋਹ ਗੰਗਾ ਦਾ ਵਿਵਾਦ ਆਦਿ ਧਰਮ ਰਹਿਬਰਾਂ ਦੇ ਮਿਸ਼ਨ ਲਈ ਅਤਿ ਮੰਦਭਾਗਾ : ਸੰਤ ਸਰਵਣ ਦਾਸ

ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)– "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਸਲੇਮਟਾਵਰੀ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਸਬੰਧੀ ਪਿਛਲੇ ਸਮੇਂ ਤੋਂ ਛਿੜਿਆ ਵਿਵਾਦ ਆਦਿ ਧਰਮ ਰਹਿਬਰਾਂ ਦੇ ਮਿਸ਼ਨ ਅਤੇ ਦੇਸ਼ ਵਿਦੇਸ਼ ਦੀਆਂ ਲੱਖਾਂ ਨਾਮਲੇਵਾ ਸੰਗਤਾਂ ਲਈ ਅਤਿ ਮੰਦਭਾਗਾ ਹੈ , ਕਿਉਂਕਿ ਕਰੋੜਾਂ ਸੰਗਤਾਂ ਲਈ ਆਸਥਾ ਦੇ ਕੇਂਦਰ ਮੰਨੇ ਜਾਂਦੇ ਇਸ ਅਸਥਾਨ ਤੋਂ ਸੰਗਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਦੀਆਂ ਹਨ। ਉਨ੍ਹਾਂ ਕਿਹਾ ਇਸ ਪਵਿੱਤਰ ਅਸਥਾਨ ਦਾ ਬਹੁਤ ਵੱਡਾ ਮਹਾਨ ਇਤਿਹਾਸ ਹੈ ਜਿਥੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਚਾਰ ਸਾਲ ਦੋ ਮਹੀਨੇ ਗਿਆਰਾਂ ਦਿਨ ਆਪਣੀ ਕ੍ਰਾਂਤੀਕਾਰੀ ਬਾਣੀ ਅਤੇ ਮਿਸ਼ਨ ਦਾ ਉਪਦੇਸ਼ ਦੇਣ ਲਈ ਠਹਿਰੇ ਸਨ। ਗੁਰੂ ਘਰ ਦੇ ਪ੍ਰਚਾਰ ਪ੍ਰਸਾਰ ਲਈ ਮੈਂ ਆਪਣੇ ਜੀਵਨ ਦੇ 13 ਸਾਲ ਲਗਾਏ ਹਨ ਭਾਵੇਂ ਕਿ ਇਸ ਲਈ ਕਈ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਿਆ। ਉਨਾਂ ਕਿਹਾ ਗੁਰੂ ਘਰ ਪਿਆਰ,ਭਾਈਚਾਰਾ ਅਤੇ ਏਕਤਾ ਦੇ ਸੰਦੇਸ਼ ਦਾ ਕੇਂਦਰ ਹੋਣਾ ਚਾਹੀਦਾ ਹੈ ਜੇਕਰ ਇਥੋਂ ਕੋਈ ਨਿਰਾਸ਼ ਹੋ ਕੇ ਜਾਂਦਾ ਹੈ ਤਾਂ ਉਸਦੇ ਲਈ ਪ੍ਰਬੰਧਕ ਕਮੇਟੀ ਨੂੰ ਹੀ ਜਿੰਮੇਵਾਰ ਠਹਿਰਾਇਆ ਜਾਵੇਗਾ ਜੇਕਰ ਪ੍ਰਬੰਧਕ ਕਮੇਟੀ ਦੀ ਹੀ ਕੋਈ ਸੁਣਵਾਈ ਨਹੀਂ ਹੈ ਤਾਂ ਸਾਰੇ ਮੈਂਬਰਾਂ ਨੂੰ ਤਿਆਗ ਪੱਤਰ ਦੇ ਕੇ ਘਰ ਬੈਠ ਜਾਣਾ ਚਾਹੀਦਾ ਹੈ, ਸੰਗਤ ਆਪਣੇ ਹਿੱਤਾਂ ਦੇ ਫੈਸਲੇ ਆਪ ਕਰ ਲਵੇਗੀ। ਗੁਰੂਘਰ ਅੰਦਰ ਜਿੰਨੇ ਵੀ ਸੇਵਾਦਾਰ ਹਨ ਉਹਨਾਂ ਦਾ ਪੂਰਨ ਸਤਿਕਾਰ ਹੋਣਾ ਚਾਹੀਦਾ ਹੈ । ਗੁਰੂਘਰ ਦੀ ਪ੍ਰਬੰਧਕ ਕਮੇਟੀ ਪਾਸ ਪਹੁੰਚੀ ਸ਼ਿਕਾਇਤ ਦੀ ਸੁਣਵਾਈ ਅਤੇ ਮਸਲੇ ਦਾ ਹੱਲ ਨਾ ਹੋਣਾ ਅਤੇ ਛੋਟੇ ਜਿਹੇ ਮਸਲੇ ਨੂੰ ਲੈ ਕੇ ਸ਼ੋਸ਼ਲ ਮੀਡੀਆ ਜਾਂ ਪ੍ਰਿੰਟ ਮੀਡੀਆ ਤੇ ਗੁਰੂਘਰ ਖਿਲਾਫ਼ ਭੰਡੀ ਪ੍ਰਚਾਰ ਵੀ ਬਹੁਤ ਮੰਦਭਾਗਾ ਹ। ਉਨਾਂ ਕਿਹਾ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਅਤੇ ਸ੍ਰੀ ਚਰਨਛੋਹ ਗੰਗਾ ਗੁਰੂਘਰ ਵਲੋਂ ਸਮਾਜ ਦੇ ਧਾਰਮਿਕ, ਸਮਾਜਕ ਮਸਲਿਆਂ ਨੂੰ ਨਜਿੱਠਣ ਵਾਸਤੇ ਤਰਜੀਹ ਦੇਣੀ ਚਾਹੀਦੀ ਸੀ ਪਰ ਇਸ ਉੱਭਰ ਕੇ ਆਏ ਵਿਵਾਦ ਨੇ ਸੰਗਤਾਂ ਦਾ ਮਨੋਬਲ ਅਤੇ ਆਸਥਾ, ਸ਼ਰਧਾ ਨੂੰ ਭਾਰੀ ਸੱਟ ਮਾਰੀ ਹੈ।

ਭਾਈ ਘਨੱਈਆ ਨੂੰ ਸਮਰਪਤ ਅੰਗ ਦਾਨ ਜਾਗਰੂਕਤਾ ਸੈਮੀਨਾਰ

ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)–ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਸਰਕਾਰੀ ਆਈ.ਟੀ.ਆਈ. ਹੁਸ਼ਿਆਰਪੁਰ ਵਿਖੇ ਭਾਈ ਘਨੂਈਆ ਜੀ ਨੂੰ ਸਮਰਪਿਤ ਮਾਨਵ ਸੇਵਾ ਦਿਵਸ ਅੰਗਦਾਨ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕਰਕੇ ਮਨਾਇਆ ਗਿਆ। ਪ੍ਰੋਗਰਾਮ ਵਿੱਚ ਸੰਸਥਾ ਦੇ ਜਨਰਲ ਸਕੱਤਰ ਇੰਜੀਨੀਅਰ ਬਲਜੀਤ ਸਿੰਘ ਵੱਲੋਂ ਸਿਖਿਆਰਥੀਆਂ ਨੂੰ ਸੰਸਥਾ ਦੀਆਂ ਗਤੀਵਿਧੀਆਂ ਅਤੇ ਨੇਤਰਦਾਨ ਕਰਨ ਦੀ ਪੂਰੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ। ਡਾਕਟਰ ਗੁਰਬਖਸ਼ ਸਿੰਘ ਸੀਨੀਅਰ ਮੀਤ ਪ੍ਰਧਾਨ ਵੱਲੋਂ ਭਾਈ ਘਨ੍ਹੱਈਆ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਸਨ 1648 ਵਿੱਚ ਵਜੀਰਾਬਾਦ (ਪਾਕਿਸਤਾਨ) ਵਿੱਚ ਪੈਦਾ ਹੋਏ ਅਤੇ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਅਤੇ ਫਿਰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਤੇ ਚਲਦੇ ਹੋਏ ਸਮੁੱਚਾ ਜੀਵਨ ਮਾਨਵਤਾ ਦੀ ਸੇਵਾ ਵਿੱਚ ਗੁਜਾਰਿਆ। ਸੈਮੀਨਾਰ ਵਿੱਚ ਹਰਭਜਨ ਸਿੰਘ ਵੱਲੋਂ ਪੁਤਲੀ ਦੀ ਹਿਫਾਜਤ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ। ਸਟੇਜ ਸਕੱਤਰ ਨੇ ਸਿਖਿਆਰਥੀਆਂ ਨੂੰ ਸਿੱਖ ਇਤਿਹਾਸ ਵਿੱਚ ਅੰਕਿਤ ਮਨੁੱਖੀ ਸੇਵਾ ਬਾਰੇ ਜਾਣਕਾਰੀ ਦਿੱਤੀ। ਇਸ ਸੈਮੀਨਾਰ ਵਿੱਚ ਸੰਸਥਾ ਦੇ ਮੈਂਬਰ ਗੁਰਪ੍ਰੀਤ ਸਿੰਘ ਅਤੇ ਸ੍ਰੀਮਤੀ ਜਤਿੰਦਰ ਕੌਰ ਹਾਜਰ ਹੋਏ। ਆਈ.ਟੀ.ਆਈ ਦੇ ਵਾਇਸ ਪ੍ਰਿੰਸੀਪਲ ਗੁਰਨਾਮ ਸਿੰਘ ਵੱਲੋਂ ਸੰਸਥਾ ਦਾ ਧੰਨਵਾਦ ਕਰਦੇ ਹੋਏ ਹਾਜਰ ਸਿਖਿਆਰਥੀਆਂ ਨੂੰ ਨੇਤਰਦਾਨ ਸੰਸਥਾ ਦੇ ਮੈਂਬਰਾਂ ਵੱਲੋਂ ਦੱਸੀਆਂ ਗੱਲਾਂ ਨੂੰ ਆਪਣੇ ਘਰ ਦੇ ਮੈਂਬਰਾਂ ਨੂੰ ਜਰੂਰ ਦੱਸਣ ਲਈ ਕਿਹਾ। ਇਸ ਸੈਮੀਨਾਰ ਵਿੱਚ ਟ੍ਰੇਨਿੰਗ ਅਫਸਰ ਸਤਪਾਲ, ਹੰਸ ਰਾਜ, ਦਵਿੰਦਰ ਸਿੰਘ, ਗੁਰਜਿੰਦਰ ਸਿੰਘ ਭੱਟੀ, ਸ੍ਰੀਮਤੀ ਕੰਮਲਜੀਤ ਕੌਰ ਅਤੇ ਸ੍ਰੀਮਤੀ ਪੁਰਵਿੰਦਰ ਕੌਰ ਹਾਜਰ ਸਨ।

ਜ਼ੋਨ 9 ਦੇ ਮੁਕਾਬਲੇ ਪੱਦੀ ਜਗੀਰ 'ਚ ਖੋ-ਖੋ ਦੇ ਮੈਚ ਕਰਵਾ ਕੇ ਸ਼ੁਰੂ ਕੀਤੇ

ਗੁਰਾਇਆ (ਬਿੰਦਰ ਸੁਮਨ)— ਪੰਜਾਬ ਸਕੂਲ ਖੇਡਾਂ ਲਈ ਗੁਰਾਇਆ ਜ਼ੋਨ ਨੰਬਰ 9 ਦੇ ਮੁਕਾਬਲੇ ਪੱਦੀ ਜਾਗੀਰ 'ਚ ਖੋ-ਖੋ ਦੇ ਮੈਚ ਕਰਵਾ ਕੇ ਸ਼ੁਰੂ ਕੀਤੇ ਗਏ। ਇਸ ਮੌਕੇ 17 ਸਾਲ ਵਰਗ 'ਚ ਪੰਜਾਬ ਅਕੈਡਮੀ ਕਾਨਵੈਂਟ ਸਕੂਲ ਬੜਾ ਪਿੰਡ ਅਤੇ 19 ਸਾਲ ਵਰਗ 'ਚ ਜੇ.ਐਸ.ਐਫ.ਐਚ. ਖਾਲਸਾ ਸੀਨੀ.ਸੈਕੰ. ਸਕੂਲ ਅੱਟਾ ਜੇਤੂ ਰਹੇ, ਜਦਕਿ ਖਾਲਸਾ ਸਕੂਲ ਅੱਟਾ ਅਤੇ ਸ.ਸ.ਸ.ਸਕੂਲ ਸਰਹਾਲ ਮੁੰਡੀ ਉੱਪ ਜੇਤੂ ਰਹੇ। 14 ਸਾਲ ਵਰਗ 'ਚ ਐਸ.ਵੀ.ਐਮ ਸਕੂਲ ਛੋਕਰਾਂ ਜੇਤੂ ਅਤੇ ਪੰਜਾਬ ਅਕੈਡਮੀ ਕਾਨਵੈਂਟ ਸਕੂਲ ਉੱਪ ਜੇਤੂ ਰਹੇ। ਮੁਕਾਬਲਿਆਂ ਦੀ ਸ਼ੁਰੂਆਤ ਕਰਦਿਆਂ ਪ੍ਰਿੰਸੀਪਲ ਚਰਨਜੀਤ ਸਿੰਘ ਪ੍ਰਧਾਨ ਲੜਕੀਆਂ, ਸਕੱਤਰ ਗੁਰਬਖਸ਼ ਕੌਰ ਅਤੇ ਪ੍ਰਿੰਸੀਪਲ ਐਸ.ਪੀ.ਸਿੰਘ , ਸਕੱਤਰ ਬਲਦੇਵ ਸਿੰਘ ਨੇ ਕਿਹਾ ਕਿ ਇਹ ਮੁਕਾਬਲੇ ਜ਼ਿਲਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਪ੍ਰਿੰਸੀਪਲ ਹਰਮੇਸ਼ ਘੋੜਾ ਵਲੋਂ ਜਾਰੀ ਹਦਾਇਤਾਂ ਤਹਿਤ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਦੁਸਾਂਝ ਕਲਾਂ 'ਚ ਵੀ ਵਾਲੀਬਾਲ , ਹੈਂਡਬਾਲ ਅਤੇ ਹਾਕੀ ਦੇ ਮੁਕਾਬਲੇ ਕਰਵਾਏ ਗਏ। ਵਾਲੀਬਾਲ 17 ਅਤੇ 19 ਸਾਲ ਵਰਗ 'ਟ ਦੁਸਾਂਝ ਕਲਾਂ ਜੇਤੂ ਜਦਕਿ ਅੱਟਾ ਅਤੇ ਵਿਰਕਾਂ ਉੱਪ ਜੇਤੂ ਰਹੇ 14 ਸਾਲ ਵਰਗ 'ਚ ਸ.ਸ.ਸ ਮਨਸੂਰਪੁਰ ਜੇਤੂ ਰਿਹਾ। ਇਨ੍ਹਾਂ ਮੁਕਾਬਲਿਆਂ ਨੂੰ ਨੇਪਰੇ ਚਾੜਨ ਲਈ ਮੁੱਖ ਅਧਿਆਪਕ ਬੋਧ ਰਾਜ, ਸੁਖਵਿੰਦਰ ਸਿੰਘ ਖਾਲਸਾ, ਹਰਵਿੰਦਰ ਸਿੰਘ, ਮਨਜੀਤ ਕੌਰ, ਗਗਨਦੀਪ ਕੌਰ, ਮਲਕੀਅਤ ਸਿੰਘ, ਸੋਮ ਨਾਥ, ਕੁਲਵਿੰਦਰ ਸਿੰਘ , ਨਿਰਮਲ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਵਿਦਿਆਰਥੀਆਂ ਲਈ ਪਾਣੀ ਅਤੇ ਖਾਣੇ ਦਾ ਪ੍ਰਬੰਧ ਸ.ਸ.ਸਕੂਲ ਪੱਦੀ ਜਾਗੀਰ ਵਲੋਂ ਆਪਣੇ ਤੌਰ 'ਤੇ ਕੀਤਾ ਗਿਆ ਸੀ। ਸਕੂਲ ਵਲੋਂ ਆਏ ਹੋਏ ਮਹਿਮਾਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਰਿਆਤ ਬਾਹਰਾ 'ਵਰਸਿਟੀ 'ਚ ਵਿਸ਼ਵ ਓਜ਼ੋਨ ਦਿਵਸ ਮਨਾਇਆ

ਕੁਰਾਲੀ (ਮੋਹਨ ਅੱਗਰਵਾਲ ਜੋਗਾ): ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ 'ਮਾਂਟਰੀਅਲ ਪ੍ਰੋਟੋਕੋਲ: ਓਜ਼ੋਨ ਪਰਤ ਨੂੰ ਠੀਕ ਕਰਨਾ ਅਤੇ ਜਲਵਾਯੂ ਪਰਿਵਰਤਨ ਨੂੰ ਘਟਾਉਣਾ' ਵਿਸ਼ੇ 'ਤੇ ਵਿਸ਼ਵ ਓਜ਼ੋਨ ਦਿਵਸ-2023 ਮਨਾਇਆ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਓਜ਼ੋਨ ਪਰਤ ਦੇ ਘਟਣ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਵੱਖ-ਵੱਖ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਓਜ਼ੋਨ ਪਰਤ ਤੋਂ ਬਿਨਾਂ ਜੀਵਨ ਨੂੰ ਖਤਰਾ ਹੈ ਕਿਉਂਕਿ ਯੂਵੀ ਰੇਡੀਏਸ਼ਨ ਦੇ ਵਧਦੇ ਸੰਪਰਕ ਨਾਲ ਚਮੜੀ ਦੇ ਕੈਂਸਰ ਅਤੇ ਮੋਤੀਆਬਿੰਦ ਵਰਗੀਆਂ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਇਹ ਸਮੁੰਦਰੀ ਵਾਤਾਵਰਣ ਨੂੰ ਨੁਕਸਾਨ ਵੀ ਪਹੁੰਚਾਉਂਦਾ ਹੈ। ਇਸ ਮੌਕੇ ਵਾਈਸ-ਚਾਂਸਲਰ ਪ੍ਰੋ. ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਓਜ਼ੋਨ ਦਿਵਸ ਧਰਤੀ ਦੀ ਓਜ਼ੋਨ ਪਰਤ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ ਅਤੇ ਸਾਡੀ ਧਰਤੀ ਨੂੰ ਸੁਰੱਖਿਅਤ ਕਰਨ 'ਚ ਇਸ ਦੀ ਅਹਿਮ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਮਰਪਤ ਹੈ। ਡਾ. ਸਿਮਰਜੀਤ ਕੌਰ, ਡੀਨ ਆਫ਼ ਸਟੂਡੈਂਟਸ ਵੈਲਫੇਅਰ ਨੇ ਓਜ਼ੋਨ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਓਜ਼ੋਨ ਪਰਤ ਵਿੱਚੋਂ ਇੱਕ ਛੇਕ ਦੀ ਖੋਜ ਕਰਨ ਤੋਂ ਬਾਅਦ 22 ਮਾਰਚ, 1985 ਨੂੰ ਓਜ਼ੋਨ ਪਰਤ ਦੀ ਸੁਰੱਖਿਆ ਲਈ ਵੀਏਨਾ ਕਨਵੈਨਸ਼ਨ ਵਿੱਚ ਇੱਕ ਮਤਾ ਪੇਸ਼ ਕੀਤਾ ਗਿਆ ਸੀ ਅਤੇ ਪ੍ਰਵਾਨ ਕੀਤਾ ਗਿਆ ਸੀ। ਇਸੇ ਦੌਰਾਨ ਯੂਨੀਵਰਸਿਟੀ ਸਕੂਲ ਆਫ਼ ਸਾਇੰਸਿਜ਼ ਵਿਖੇ ਸਕੂਲ ਆਫ਼ ਸਾਇੰਸਿਜ਼ ਦੇ ਡੀਨ ਪ੍ਰੋ. ਮਨੋਜ ਬਾਲੀ ਨੇ 'ਓਜ਼ੋਨ ਦਿਵਸ: ਸਾਡੇ ਅਸਮਾਨ ਦੀ ਰੱਖਿਆ, ਸਾਡੇ ਗ੍ਰਹਿ ਦੀ ਰੱਖਿਆ' ਬਾਰੇ ਗੱਲ ਕੀਤੀ। ਇਸ ਮੌਕੇ ਡਾਕਟਰ ਹਰੀਸ਼ ਕੁਮਾਰ, ਕੈਮਿਸਟਰੀ ਵਿਭਾਗ ਦੇ ਮੁਖੀ ਦੁਆਰਾ "ਡਿਸਕਵਰੀ ਟੂ ਰਿਕਵਰੀ ਅਤੇ ਰਿਕਵਰੀ ਟੂ ਵਰੀ" ਵਿਸ਼ੇ 'ਤੇ ਭਾਸ਼ਣ ਦਿੱਤਾ ਗਿਆ, ਜਿਸ ਵਿੱਚ ਓਜ਼ੋਨ ਪਰਤ ਦੀ ਖੋਜ ਅਤੇ ਓਜ਼ੋਨ ਦੀ ਕਮੀ ਦੇ ਖਤਰਨਾਕ ਪ੍ਰਭਾਵ ਸ਼ਾਮਲ ਹਨ। ਇਸ ਮੌਕੇ ਪੋਸਟਰ ਪੇਸ਼ਕਾਰੀ ਅਤੇ ਸਲੋਗਨ ਲਿਖਣ ਵਰਗੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਵਾਤਾਵਰਣ ਜਾਗਰੂਕਤਾ ਅਤੇ ਓਜ਼ੋਨ ਰਿਕਵਰੀ ਨਾਲ ਸਬੰਧਤ ਥੀਮਾਂ 'ਤੇ ਵੱਖ-ਵੱਖ ਸਟਰੀਮ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਸਮਾਗਮ ਦੌਰਾਨ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਹਨ: ਪੋਸਟਰ ਪੇਸ਼ਕਾਰੀ ਦੇ ਜੇਤੂ: ਪਹਿਲਾ ਇਨਾਮ ਉਰਵਸ਼ੀ ਚੌਧਰੀ, ਦੂਜਾ ਰੀਆ ਅਤੇ ਤੀਜਾ ਇਨਾਮ ਜਸਕੀਰਤ ਕੌਰ। ਐਕਸਟੈਂਪੋਰ 'ਚ ਪਹਿਲਾ ਇਨਾਮ ਬੁਸ਼ਰਾ (ਐਮ ਐਸ ਸੀ ਜ਼ੂਲੋਜੀ), ਦੂਜਾ ਸਥਾ